ADVERTISE YOUR BUSINESS HERE
+91-9878-55-2070

ਨਾ ਰੁਕੇ, ਨਾ ਝੁਕੇ

# ਸਭ ਤੋਂ ਫਾਸਟ ਆਹਮੋ-ਸਾਹਮਣੇ

SABSE FAST AAMNE SAAMNE

Rni No Punpun 2015/60599
1 - 7 December 2025

ADVERTISE YOUR BUSINESS HERE
+91-9878-55-2070

ਸਾਲ 2025 / ਸੰਪਾਦਕ : ਐੱਸ. ਕੇ. ਸਕਸੈਨਾ / ਈ-ਮੇਲ : editoraamnesaamne@gmail.com/ ਮੋਬਾਈਲ : 9878552070, 9780802013

## ਨਹਿਰੂ ਦੀ ਵਿਰਾਸਤ ਨੂੰ ਬਦਨਾਮ ਕਰਨ ਦੀ ਯੋਜਨਾਬੱਧ ਕੋਸ਼ਿਸ਼ ਕੀਤੀ ਜਾ ਰਹੀ ਹੈ: ਸੋਨੀਆ ਗਾਂਧੀ

ਨਵੀਂ ਦਿੱਲੀ (ਏਜੰਸੀ)-ਕਾਂਗਰਸ ਸੰਸਦੀ ਪਾਰਟੀ (ਸੀ.ਪੀ.ਪੀ.) ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਵਿਰਾਸਤ ਨੂੰ ਤੋੜਨ ਅਤੇ ਘਟਾਉਣ ਦੀਆਂ ਕੋਸ਼ਿਸ਼ਾਂ 'ਤੇ ਤਿੱਖਾ ਹਮਲਾ ਕਰਦਿਆਂ ਇਸ ਨੂੰ ਇਤਿਹਾਸ ਨੂੰ ਮੁੜ ਲਿਖਣ ਅਤੇ ਰਾਸ਼ਟਰ ਦੀਆਂ ਨੀਂਹਾਂ ਨੂੰ ਤਬਾਹ ਕਰਨ ਦੀ ਯੋਜਨਾਬੱਧ ਕੋਸ਼ਿਸ਼ ਕਰਾਰ ਦਿੱਤਾ ਹੈ।



ਸੋਨੀਆ ਗਾਂਧੀ ਨੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਜਵਾਹਰ ਲਾਲ ਨਹਿਰੂ ਦੀ ਵਿਰਾਸਤ ਨੂੰ ਬਦਨਾਮ ਕਰਨ ਦਾ ਦੋਸ਼ ਲਾਉਂਦਿਆਂ ਦਾਅਵਾ ਕੀਤਾ ਕਿ ਉਨ੍ਹਾਂ ਦਾ ਟੀਚਾ ਦੇਸ਼ ਦੀਆਂ 'ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਨੀਂਹਾਂ ਨੂੰ ਤਬਾਹ ਕਰਨਾ' ਹੈ। ਕੌਮੀ ਰਾਜਧਾਨੀ ਵਿੱਚ ਜਵਾਹਰ ਭਵਨ ਵਿਖੇ ਨਹਿਰੂ ਸੈਂਟਰ ਇੰਡੀਆ ਦੀ ਸ਼ੁਰੂਆਤ ਮੌਕੇ ਬੋਲਦਿਆਂ ਉਨ੍ਹਾਂ ਕਿਹਾ, ÷ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਅੱਜ ਸੱਤਾਧਾਰੀ ਅਦਾਰੇ ਦਾ ਮੁੱਖ ਉਦੇਸ਼ ਜਵਾਹਰ ਲਾਲ ਨਹਿਰੂ ਨੂੰ ਬਦਨਾਮ ਕਰਨ ਦਾ ਪ੍ਰੋਜੈਕਟ ਹੈ। ਉਨ੍ਹਾਂ ਦਾ ਟੀਚਾ ਸਿਰਫ਼ ਉਸ ਨੂੰ ਮਿਟਾਉਣਾ ਨਹੀਂ ਹੈ, ਸਗੋਂ ਉਨ੍ਹਾਂ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਨੀਂਹਾਂ ਨੂੰ ਤਬਾਹ ਕਰਨਾ ਹੈ ਜਿਨ੍ਹਾਂ 'ਤੇ ਸਾਡਾ ਰਾਸ਼ਟਰ ਸਥਾਪਿਤ ਅਤੇ ਉਸਾਰਿਆ ਗਿਆ ਹੈ। ਸੋਨੀਆ ਗਾਂਧੀ ਨੇ ਕਿਹਾ, "ਵਿਸ਼ਲੇਸ਼ਣ ਇੱਕ ਗੱਲ ਹੈ, ਪਰ ਉਨ੍ਹਾਂ ਨੇ ਜੋ ਕਿਹਾ, ਜੋ ਲਿਖਿਆ ਅਤੇ ਜੋ ਕੀਤਾ ਉਸ ਨਾਲ ਜਾਣਬੁੱਝ ਕੇ ਕੀਤੀ ਗਈ ਸ਼ਰਾਰਤ ਇੱਕ ਹੋਰ ਗੱਲ ਹੈ ਅਤੇ ਬਿਲਕੁਲ ਵੀ ਸਵੀਕਾਰਨਯੋਗ ਨਹੀਂ ਹੈ। ਉਹ ਕਿਹੜੀਆਂ ਤਾਕਤਾਂ ਹਨ ਜਿਨ੍ਹਾਂ ਨੇ ਇਹ ਪ੍ਰੋਜੈਕਟ ਸ਼ੁਰੂ ਕੀਤਾ ਹੈ? ਉਹ ਉਸ ਵਿਚਾਰਧਾਰਾ ਨਾਲ ਸਬੰਧਤ ਹਨ ਜਿਸਦਾ ਸਾਡੇ ਸੁਤੰਤਰਤਾ ਸੰਘਰਸ਼, ਸਾਡੇ ਸੰਵਿਧਾਨ ਨੂੰ ਬਣਾਉਣ ਵਿੱਚ ਕੋਈ ਭੂਮਿਕਾ ਨਹੀਂ ਸੀ।"

## ਸਾਨੂੰ ਸਾਰਿਆਂ ਨੂੰ ਦੇਸ਼ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤ ਕਰਨਾ ਚਾਹੀਦਾ ਹੈ : ਮੋਦੀ

### ਕਿਹਾ. ਅੱਜ ਹਰ ਖੇਤਰ ਬਸਤੀਵਾਦੀ ਸੋਚ ਨੂੰ ਤਿਆਗ ਰਿਹਾ ਹੈ

ਨਵੀਂ ਦਿੱਲੀ (ਏਜੰਸੀ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਅਗਲੇ 10 ਸਾਲਾਂ ਵਿੱਚ ਦੇਸ਼ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਅੱਜ ਹਰ ਖੇਤਰ ਬਸਤੀਵਾਦੀ ਸੋਚ ਨੂੰ ਤਿਆਗ ਰਿਹਾ ਹੈ ਅਤੇ ਮਾਣ ਨਾਲ ਨਵੀਆਂ ਪ੍ਰਾਪਤੀਆਂ ਲਈ ਟੀਚਾ ਮਿਥ ਰਿਹਾ ਹੈ।



ਉਨ੍ਹਾਂ ਨੇ ਕਿਹਾ, " ਮੈਕਾਲੇ ਦੀ ਨੀਤੀ, ਜਿਸ ਨੇ ਭਾਰਤ ਵਿੱਚ ਮਾਨਸਿਕ ਗੁਲਾਮੀ ਦੇ ਬੀਜ ਬੀਜੇ ਸਨ, 2035 ਵਿੱਚ 200 ਸਾਲ ਪੂਰੇ ਕਰੇਗੀ। ਇਸਦਾ ਮਤਲਬ ਹੈ ਕਿ 10 ਸਾਲ ਬਾਕੀ ਹਨ। ਇਸ ਲਈ, ਇਨ੍ਹਾਂ 10 ਸਾਲਾਂ ਵਿੱਚ, ਸਾਨੂੰ ਸਾਰਿਆਂ ਨੂੰ ਆਪਣੇ ਦੇਸ਼ ਨੂੰ ਗੁਲਾਮੀ ਦੀ ਮਾਨਸਿਕਤਾ ਤੋਂ ਮੁਕਤ ਕਰਨ ਲਈ ਇਕੱਠੇ ਆਉਣਾ ਚਾਹੀਦਾ ਹੈ।"ਉਨ੍ਹਾਂ ਕਿਹਾ, "ਦੇਸ਼ ਦੇ ਵਿਕਾਸ ਨੂੰ ਇਸ ਦੇ ਲੋਕਾਂ ਦੇ ਵਿਸ਼ਵਾਸ, ਉਨ੍ਹਾਂ ਦੀ ਪਛਾਣ ਨਾਲ ਜੋੜਨਾ... ਇਹ ਬਸਤੀਵਾਦ ਦੀ ਮਾਨਸਿਕਤਾ ਦਾ ਪ੍ਰਤੀਕ ਸੀ।

ਮੋਦੀ ਨੇ ਕਿਹਾ ਕਿ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਭਾਰਤ ਦੇ ਹੌਲੀ ਵਿਕਾਸ ਦਾ ਕਾਰਨ ਹਿੰਦੂ ਸੱਭਿਆਚਾਰ ਸੀ।

ਉਨ੍ਹਾਂ ਕਿਹਾ, " ਅੱਜ ਦੇ ਬੁੱਧੀਜੀਵੀ ਜੋ ਸਾਰੀਆਂ ਚੀਜ਼ਾਂ ਵਿੱਚ ਫਿਰਕਾਪ੍ਰਸਤੀ ਦੀ ਤਲਾਸ਼ ਕਰਦੇ ਰਹਿੰਦੇ ਹਨ, ਉਨ੍ਹਾਂ ਨੇ ਹਿੰਦੂ ਵਿਕਾਸ ਦਰ ਸ਼ਬਦ ਦੀ ਵਰਤੋਂ ਵਿੱਚ ਫਿਰਕਾਪ੍ਰਸਤੀ ਨਹੀਂ ਦੇਖੀ। ਇਹ ਸ਼ਬਦ ਉਨ੍ਹਾਂ ਦੇ ਸਮੇਂ ਦੌਰਾਨ ਕਿਤਾਬਾਂ ਅਤੇ ਖੋਜ ਪੱਤਰਾਂ ਦਾ ਹਿੱਸਾ ਬਣਾਇਆ ਗਿਆ ਸੀ ਭਾਰਤ ਉੱਚ ਵਿਕਾਸ ਅਤੇ ਘੱਟ ਮਹਿੰਗਾਈ ਦਾ ਇੱਕ ਮਾਡਲ ਹੈ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸ ਵਿੱਤੀ ਸਾਲ ਦੀ ਦੂਜੀ ਤਿਮਾਹੀ ਵਿੱਚ ਦੇਸ਼ ਦਾ 8.2 ਫੀਸਦ ਵਾਧਾ ਦਰਸਾਉਂਦਾ ਹੈ ਕਿ ਇਹ ਗਲੋਬਲ ਅਰਥਵਿਵਸਥਾ ਦਾ ਵਿਕਾਸ ਇੰਜਣ ਬਣ ਰਿਹਾ ਹੈ।

ਮੋਦੀ ਨੇ ਕਿਹਾ ਕਿ ਜਦੋਂ ਦੁਨੀਆ ਅਨਿਸ਼ਚਿਤਤਾਵਾਂ ਨਾਲ ਭਰੀ ਹੋਈ ਹੈ ਤਾਂ ਭਾਰਤ ਨੂੰ ਇੱਕ ਵੱਖਰੀ ਲੀਗ ਵਿੱਚ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੋ ਰਹੇ ਬਦਲਾਅ ਸਿਰਫ ਸੰਭਾਵਨਾਵਾਂ ਬਾਰੇ ਨਹੀਂ ਹਨ ਬਲਕਿ ਸੋਚ ਅਤੇ ਦਿਸ਼ਾ ਨੂੰ ਬਦਲਣ ਦੀ ਇੱਕ ਗਾਥਾ ਹਨ।

ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦੀਆਂ ਪ੍ਰਾਪਤੀਆਂ ਆਮ ਨਹੀਂ ਹਨ, ਇਹ ਸਿਰਫ ਸੰਖਿਆਵਾਂ ਬਾਰੇ ਨਹੀਂ ਹਨ ਬਲਕਿ ਪਿਛਲੇ ਇੱਕ ਦਹਾਕੇ ਵਿੱਚ ਲਿਆਂਦੀ ਗਈ ਬੁਨਿਆਦੀ ਤਬਦੀਲੀ ਬਾਰੇ ਹਨ।

## ਮੁੱਖ ਮੰਤਰੀ ਨੇ ਨਿਵੇਸ਼ ਲਈ ਪੰਜਾਬ ਨੂੰ ਸਭ ਤੋਂ ਪਸੰਦੀਦਾ ਸਥਾਨ ਦੱਸਿਆ, ਜਾਪਾਨ ਦੇ ਕਾਰੋਬਾਰੀ ਦਿੱਗਜਾਂ ਨੂੰ ਸੂਬੇ ਵਿੱਚ ਨਿਵੇਸ਼ ਦਾ ਸੱਦਾ

### ਜੇ.ਬੀ.ਆਈ.ਸੀ., ਆਈਸਨ, ਯਾਮਾਹਾ, ਹੌਂਡਾ ਮੋਟਰ, ਜੇ.ਆਈ.ਸੀ.ਏ., ਟੋਰੇ, ਐਮ.ਈ.ਟੀ.ਆਈ., ਫੁਜਿਤਸੂ ਲਿਮਟਿਡ ਅਤੇ ਹੋਰਾਂ ਨਾਲ ਕੀਤੀ ਗੱਲਬਾਤ

ਐਸ. ਕੇ. ਸਕਸੈਨਾ

ਚੰਡੀਗੜ੍ਹ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜਾਪਾਨ ਦੇ ਕਾਰੋਬਾਰੀ ਦਿੱਗਜ਼ਾਂ ਅੱਗੇ ਸੂਬੇ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਿਆਂ ਉਨ੍ਹਾਂ ਨੂੰ ਆਪਣੇ ਕਾਰੋਬਾਰ ਦੇ ਵਿਸਥਾਰ ਲਈ ਪੰਜਾਬ ਵਿੱਚ ਨਿਵੇਸ਼ ਦਾ ਸੱਦਾ ਦਿੱਤਾ। ਆਪਣੀ ਜਾਪਾਨ ਫੇਰੀ ਦੇ ਪਹਿਲੇ ਦਿਨ ਮੁੱਖ ਮੰਤਰੀ ਨੇ ਜੇਬੀਆਈਸੀ, ਆਈਸਨ ਇੰਡਸਟਰੀ, ਯਾਮਾਹਾ, ਹੌਂਡਾ ਮੋਟਰ, ਜੇਆਈਸੀਏ ਦੱਖਣੀ ਏਸ਼ੀਆ ਵਿਭਾਗ ਦੇ ਡਾਇਰੈਕਟਰ ਜਨਰਲ, ਟੋਰੇ ਇੰਡਸਟਰੀਜ਼, ਪਾਰਲੀਮੈਂਟਰੀ ਵਾਈਸ-ਮਨਿਸਟਰ ਆਫ਼ ਇਕਨਾਮੀ, ਵਪਾਰ ਅਤੇ ਉਦਯੋਗ (ਐਮਈਟੀਆਈ), ਫੁਜਿਤਸੂ ਲਿਮਟਿਡ ਅਤੇ ਹੋਰਾਂ ਨਾਲ ਗੱਲਬਾਤ ਕੀਤੀ। ਵਿਚਾਰ-ਵਟਾਂਦਰੇ ਦੌਰਾਨ ਭਗਵੰਤ ਸਿੰਘ ਮਾਨ ਨੇ ਐਡਵਾਂਸਡ ਮੈਨੂਫੈਕਚਰਿੰਗ, ਮੋਬਿਲਟੀ, ਇਲੈਕਟ੍ਰਾਨਿਕਸ, ਫੂਡ ਪ੍ਰੋਸੈਸਿੰਗ, ਨਵਿਆਉਣਯੋਗ ਊਰਜਾ ਅਤੇ ਗਲੋਬਲ ਸਰਵਿਸਿਜ਼ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਜਾਪਾਨ ਨਾਲ ਰਣਨੀਤਕ ਸਮਝੌਤੇ ਦੀ ਇੱਛਾ ਪ੍ਰਗਟਾਈ । ਉਨ੍ਹਾਂ ਨੇ ਜਾਪਾਨੀ ਕੰਪਨੀਆਂ ਨੂੰ ਸੂਬੇ ਵਿੱਚ ਉੱਭਰ ਰਹੀਆਂ ਨਵੀਆਂ ਸੰਭਾਵਨਾਵਾਂ ਦੀ ਪੜਚੋਲ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਦਾ ਭਵਿੱਖ ਇਨ੍ਹਾਂ ਖੇਤਰਾਂ ਦੀਆਂ ਜ਼ਰੂਰਤਾਂ ਅਨੁਸਾਰ ਨਵਾਂ ਰੂਪ ਲੈ ਰਿਹਾ ਹੈ। ਮੁੱਖ ਮੰਤਰੀ ਨੇ ਨਿਵੇਸ਼ਕਾਂ ਨੂੰ 13-15 ਮਾਰਚ 2026 ਨੂੰ ਆਈਐਸਬੀ ਮੋਹਾਲੀ ਕੈਂਪਸ, ਪੰਜਾਬ ਵਿਖੇ ਹੋਣ ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸ਼ਾਮਲ ਹੋਣ



ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੰਮੇਲਨ ਪੰਜਾਬ ਦੀ ਤਰੱਕੀ ਨੂੰ ਦਰਸਾਉਂਦਾ ਹੈ, ਜੋ ਵੱਡੇ ਕਾਰੋਬਾਰੀ ਦਿੱਗਜ਼ਾਂ ਨੂੰ ਇੱਕ ਮੰਚ 'ਤੇ ਲਿਆ ਕੇ ਭਾਈਵਾਲੀ ਅਤੇ ਸਹਿਯੋਗ ਦੇ ਨਵੇਂ ਮੌਕੇ ਪੇਸ਼ ਕਰੇਗਾ। ਉਨ੍ਹਾਂ ਦੁਹਰਾਇਆ ਕਿ ਪੰਜਾਬ ਅਤੇ ਜਾਪਾਨ ਵਿਸ਼ਵਾਸ, ਗੁਣਵੱਤਾ ਅਤੇ ਲੰਬੇ ਸਮੇਂ ਦੀ ਵਚਨਬੱਧਤਾ ਨਾਲ ਡੂੰਘੇ ਵਪਾਰਕ ਸਬੰਧਾਂ ਦੀ ਸਮਰੱਥਾ ਰੱਖਦੇ ਹਨ ਅਤੇ ਸੂਬਾ ਸਰਕਾਰ ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਜ਼ਬੂਤ ਆਰਥਿਕ ਅਤੇ ਸੱਭਿਆਚਾਰਕ ਸਬੰਧਾਂ ਰਾਹੀਂ ਵਿਕਾਸ ਤੇ ਖੁਸ਼ਹਾਲੀ ਦਾ ਸਾਂਝਾ ਭਵਿੱਖ ਸਿਰਜਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਆਪਣੇ ਹਿੰਮਤੀ ਸੁਭਾਅ, ਲਚਕੀਲੇਪਣ, ਸਖ਼ਤ ਮਿਹਨਤ, ਉੱਦਮੀ ਭਾਵਨਾ, ਰਚਨਾਤਮਕਤਾ ਅਤੇ ਆਪਸੀ ਭਾਈਚਾਰੇ ਲਈ ਜਾਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਨੇ ਹਮੇਸ਼ਾ ਭਾਰਤ ਦੇ ਵਿਕਾਸ ਵਿੱਚ ਖਾਸ ਕਰਕੇ ਦੇਸ਼ ਨੂੰ ਅੰਨ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਲਈ ਵੱਡੀ ਭੂਮਿਕਾ ਨਿਭਾਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਪੰਜਾਬ ਆਧੁਨਿਕ ਉਦਯੋਗ, ਤਕਨਾਲੋਜੀ ਅਤੇ ਵਿਸ਼ਵਵਿਆਪੀ ਸਹਿਯੋਗ ਲਈ ਇੱਕ ਮੋਹਰੀ ਕੇਂਦਰ ਬਣਨ ਦੀ ਦਿਸ਼ਾ ਵਿੱਚ ਨਵੇਂ ਦ੍ਰਿਸ਼ਟੀਕੋਣ ਨਾਲ ਅੱਗੇ ਵਧ ਰਿਹਾ ਹੈ। ਜਾਪਾਨੀ ਉਦਯੋਗ ਨਾਲ ਪੰਜਾਬ ਦੇ ਮਜ਼ਬੂਤ ਅਤੇ ਉਸਾਰੂ ਸਬੰਧਾਂ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਜਾਪਾਨੀ ਕੰਪਨੀਆਂ ਨੂੰ ਪੰਜਾਬ ਦੇ ਬਦਲਦੇ ਉਦਯੋਗਿਕ ਮਾਹੌਲ ਦੇ ਅਗਲੇ ਪੜਾਅ ਦਾ ਹਿੱਸਾ ਬਣਨ ਦਾ ਨਿੱਘਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਿਸ਼ਵਾਸ, ਅਨੁਸ਼ਾਸਨ ਅਤੇ ਲੰਬੇ ਸਮੇਂ ਦੀ ਭਾਈਵਾਲੀ ਦੀਆਂ ਕਦਰਾਂ ਕੀਮਤਾਂ ਪੰਜਾਬ ਅਤੇ ਜਾਪਾਨ ਦੀ ਬੁਨਿਆਦ ਹਨ, ਜੋ ਸੂਬੇ ਲਈ ਹੋਰ ਵੀ ਮਹੱਤਵਪੂਰਨ ਹੋ ਸਕਦੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਾਪਾਨੀ ਕੰਪਨੀਆਂ ਨੇ ਆਪਣੇ ਕਾਰੋਬਾਰ ਨਾਲ ਪੰਜਾਬ ਵਿੱਚ ਪਹਿਲਾਂ ਹੀ ਵੱਡੀ ਸਫ਼ਲਤਾ ਦਰਜ ਕੀਤੀ ਹੈ ਅਤੇ ਹੁਣ ਇਥੋਂ ਦੀਆਂ ਹੋਰ ਨਾਮੀ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਲਈ ਆਪਣਾ ਵਿਸ਼ਵਾਸ ਅਤੇ ਰੁਚੀ ਦਿਖਾਈ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਨਿਵੇਸ਼ ਲਈ ਦਿੱਤੇ ਨਿੱਘੇ ਸੱਦੇ ਪ੍ਰਤੀ ਜਾਪਾਨੀ ਕੰਪਨੀਆਂ ਨੇ ਪੰਜਾਬ ਵਿੱਚ ਨਿਵੇਸ਼ ਦੀ ਡੂੰਘੀ ਦਿਲਚਸਪੀ ਦਿਖਾਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੇ ਨਿਵੇਸ਼ ਨਾਲ ਨਾ ਸਿਰਫ਼ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਗੇ ਬਲਕਿ ਸੂਬੇ ਦੇ ਆਰਥਿਕ ਵਿਕਾਸ ਨੂੰ ਹੋਰ ਬਲ ਦੇਣਗੇ। ਉਨ੍ਹਾਂ ਨੇ ਸੂਬਾ ਸਰਕਾਰ ਵੱਲੋਂ ਜਾਪਾਨੀ ਨਿਵੇਸ਼ਕਾਂ ਨੂੰ ਹਰ ਪੱਖੋਂ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੋਰ ਹੁਲਾਰਾ ਦੇਣਾ ਸਮੇਂ ਦੀ ਲੋੜ ਹੈ।

## ਮਰਨ ਤੋਂ ਬਾਅਦ ਹੀ ਲੋਕ ਸਾਨੂੰ ਮਹਾਨ ਕਹਿੰਦੇ ਹਨ : ਦਿਲਜੀਤ ਦੋਸਾਂਝ

### ਦਿਲਜੀਤ ਦੋਸਾਂਝ ਨੇ ਨੈੱਟਫਲਿਕਸ ਇੰਟਰਵਿਊ ਵਿੱਚ ਪ੍ਰਸਿੱਧੀ, ਕਲਾ ਅਤੇ ਮੌਤ ਬਾਰੇ ਭਾਵੁਕ ਗੱਲਬਾਤ ਕੀਤੀ

ਚੰਡੀਗੜ੍ਹ (ਰਮਨ ਕੁਮਾਰ) -ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਹਾਲ ਹੀ ਵਿੱਚ ਇੱਕ ਨੈੱਟਫਲਿਕਸ ਇੰਟਰਵਿਊ ਵਿੱਚ ਪ੍ਰਸਿੱਧੀ, ਕਲਾ ਅਤੇ ਮਾਨਤਾ ਬਾਰੇ ਦਿਲੋਂ ਗੱਲਬਾਤ ਸਾਂਝੀ ਕੀਤੀ ਹੈ। ਦਿਲਜੀਤ ਕੋਚੇਲਾ ਵਿੱਚ ਪ੍ਰਦਰਸ਼ਨ ਕਰਨ ਵਾਲਾ ਪਹਿਲਾ ਪੰਜਾਬੀ ਕਲਾਕਾਰ ਹੋਣ ਵਜੋਂ ਇਤਿਹਾਸ ਰਚ ਚੁੱਕਿਆ ਹੈ ਅਤੇ 'ਦ ਟੂਨਾਈਟ ਸ਼ੋਅ ਸਟਾਰਿੰਗ ਜਿੰਮੀ ਫੈਲਨ' ਵਿੱਚ ਵੀ ਸ਼ਾਮਲ ਹੋ ਚੁੱਕਿਆ ਹੈ। ਅਦਾਕਾਰ ਨੇ ਕਿਹਾ, "ਹਰ ਕਲਾਕਾਰ ਨੂੰ ਜ਼ਿੰਦਗੀ ਵਿੱਚ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਤੱਕ ਉਹ ਮਰਦਾ ਨਹੀਂ, ਲੋਕ ਉਸਨੂੰ ਕਦੇ ਮਹਾਨ ਨਹੀਂ ਕਹਿੰਦੇ। ਉਹ ਉਸ ਨੂੰ ਉਹ ਪਿਆਰ ਕਦੇ ਨਹੀਂ ਦਿੰਦੇ ਜਿਸਦਾ ਉਹ ਹੱਕਦਾਰ ਹੈ। ਉਸ ਨੂੰ ਉਹ ਪਿਆਰ ਦੁਨੀਆ ਛੱਡਣ ਤੋਂ ਬਾਅਦ ਹੀ ਮਿਲਦਾ ਹੈ। ਇਸ ਦੌਰਾਨ ਚਮਕੀਲਾ ਦੀ ਵਿਰਾਸਤ 'ਤੇ ਗੱਲ ਕਰਦੇ ਹੋਏ ਦਿਲਜੀਤ ਦੋਸਾਂਝ ਨੈੱਟਫਲਿਕਸ ਇੰਟਰਵਿਊ ਵਿੱਚ ਭਾਵੁਕ ਹੋ ਗਿਆ। ਜ਼ਿਕਰਯੋਗ ਹੈ ਕਿ ਨੈੱਟਫਲਿਕਸ ਨੇ ਇੱਕ ਖਾਸ ਅਤੇ ਡੂੰਘਾਈ ਭਰਿਆ ਭਾਵੁਕ ਇੰਟਰਵਿਊ ਜਾਰੀ ਕੀਤਾ ਹੈ। ਇੰਟਰਵਿਊ ਸੁਪਰਸਟਾਰ ਦੇ ਅੰਦਰੂਨੀ ਪੱਖ ਦੀ ਇੱਕ ਖਾਸ ਝਲਕ ਪੇਸ਼ ਕਰਦਾ ਹੈ ਜਿਸ ਵਿੱਚ ਕਲਾ, ਪ੍ਰਸਿੱਧੀ ਅਤੇ ਮਾਨਤਾ ਦੇ ਉਸ ਦੇ ਫਲਸਫ਼ੇ ਨੂੰ ਉਜਾਗਰ ਕੀਤਾ ਗਿਆ ਹੈ।



## ਗੁਰਦਾਸਪੁਰ ਗ੍ਰਨੇਡ ਹਮਲੇ ਵਿੱਚ ਸ਼ਾਮਲ ਚਾਰ ਮੁਲਜ਼ਮਾਂ ਦੀ ਗ੍ਰਿਫਤਾਰੀ ਸਦਕਾ ਇੱਕ ਹੋਰ ਅੱਤਵਾਦੀ ਹਮਲਾ ਟਲ਼ਿਆ

### ਹੈਂਡ ਗ੍ਰਨੇਡ, ਦੋ ਪਿਸਤੌਲ ਬਰਾਮਦ

ਸੋਨੂ

ਚੰਡੀਗੜ੍ਹ/ਅੰਮ੍ਰਿਤਸਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪਾਕਿਸਤਾਨ ਦੇ ਆਈ.ਐਸ.ਆਈ.-ਸਮਰਥਿਤ ਅੱਤਵਾਦੀ ਨੈੱਟਵਰਕ ਵਿਰੁੱਧ ਵੱਡੀ ਸਫਲਤਾ ਤਹਿਤ ਗੁਰਦਾਸਪੁਰ ਪੁਲਿਸ ਨੇ ਕਾਊਂਟਰ ਇੰਟੈਲੀਜੈਂਸ (ਸੀਆਈ) ਵਿੰਗ ਪੰਜਾਬ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਗੁਰਦਾਸਪੁਰ ਗ੍ਰਨੇਡ ਹਮਲੇ ਨਾਲ ਸਬੰਧਤ ਚਾਰ ਮੁਲਜ਼ਮਾਂ ਨੂੰ ਇੱਕ ਪੀ-86 ਹੈਂਡ ਗ੍ਰਨੇਡ ਅਤੇ ਦੋ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਹੈ । ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪ੍ਰਦੀਪ ਕੁਮਾਰ ਵਾਸੀ ਹੁਸ਼ਿਆਰਪੁਰ , ਗੁਰਦਿੱਤ ਵਾਸੀ ਗੁਰਦਾਸਪੁਰ, ਨਵੀਨ ਚੌਧਰੀ ਅਤੇ ਕੁਸ਼ ਦੋਵੇਂ ਵਾਸੀ ਤਲਵਾੜਾ (ਹੁਸ਼ਿਆਰਪੁਰ) , ਵਜੋਂ ਹੋਈ ਹੈ। ਬਰਾਮਦ ਕੀਤੀਆਂ ਪਿਸਤੌਲਾਂ 2 ਪਿਸਤੌਲਾਂ ਵਿਚ-ਇੱਕ ਜ਼ਿਗਾਨਾ ਅਤੇ ਇੱਕ .32 ਬੋਰ ਸਮੇਤ



ਜ਼ਿੰਦਾ ਕਾਰਤੂਸ ਸ਼ਾਮਲ ਹਨ। ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੁਰਦਾਸਪੁਰ ਪੁਲਿਸ ਸਟੇਸ਼ਨ 'ਤੇ ਹੋਏ ਗ੍ਰਨੇਡ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਦਾ ਆਈਐਸਆਈ-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਅਤੇ ਉਸਦੇ ਸਾਥੀ ਜ਼ੀਸ਼ਾਨ ਅਖਤਰ ਨੇ ਆਪਣੇ ਅਮਰੀਕਾ ਦੇ ਹੈਂਡਲਰ ਅਮਨਦੀਪ ਸਿੰਘ ਉਰਫ਼ ਅਮਨ ਪੰਨੂ , ਜੋ ਗੁਰਦਾਸਪੁਰ ਦਾ ਰਹਿਣ ਵਾਲਾ ਹੈ ਅਤੇ ਡੌਂਕੀ ਰੂਟ ਰਾਹੀਂ ਅਮਰੀਕਾ ਗਿਆ ਸੀ, ਦੀ ਸਹਾਇਤਾ ਨਾਲ ਰਚੀ ਸੀ । ਉਨ੍ਹਾਂ ਕਿਹਾ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਸ਼ਹਿਜ਼ਾਦ ਭੱਟੀ ਅਤੇ ਜ਼ੀਸ਼ਾਨ ਅਖਤਰ ਦੇ ਨਿਰਦੇਸ਼ਾਂ 'ਤੇ ਅਮਨ ਪੰਨੂ , ਸਰਹੱਦੀ ਸੂਬੇ ਵਿੱਚ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਲਈ ਕਾਰਕੁੰਨਾਂ ਦੀ ਭਰਤੀ ਵੀ ਕਰ ਰਿਹਾ ਸੀ। ਇਹ ਜ਼ਿਕਰਯੋਗ ਹੈ ਕਿ ਇਸ ਮਾਡਿਊਲ ਨੇ 25 ਨਵੰਬਰ, 2025 ਨੂੰ ਸ਼ਾਮ 7.30 ਵਜੇ ਦੇ ਕਰੀਬ ਗੁਰਦਾਸਪੁਰ ਸਿਟੀ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਹਮਲਾ ਕੀਤਾ ਸੀ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਡੀਆਈਜੀ ਨੇ ਕਿਹਾ ਕਿ ਖੁਫੀਆ ਜਾਣਕਾਰੀ 'ਤੇ

### ਅਮਰੀਕਾ ਅਧਾਰਤ ਅਮਨ ਪੰਨੂ ਦੀ ਸਹਾਇਤਾ ਨਾਲ ਪਾਕਿਸਤਾਨ-ਅਧਾਰਤ ਆਈ.ਐਸ.ਆਈ.-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਅਤੇ ਜ਼ੀਸ਼ਾਨ ਅਖ਼ਤਰ ਵੱਲੋਂ ਰਚੀ ਗਈ ਸੀ ਗ੍ਰਨੇਡ ਹਮਲੇ ਦੀ ਸਾਜ਼ਿਸ਼: ਡੀਆਈਜੀ ਸੰਦੀਪ ਗੋਇਲ

ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਪ੍ਰਦੀਪ ਅਤੇ ਗੁਰਦਿੱਤ ਵਜੋਂ ਪਛਾਣੇ ਗਏ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੇ ਪੁਲਿਸ ਸਟੇਸ਼ਨ 'ਤੇ ਗ੍ਰਨੇਡ ਸੁੱਟਣ ਵਾਲੇ ਦੋਸ਼ੀਆਂ - ਹਰਗੁਨ, ਵਿਕਾਸ ਅਤੇ ਮੋਹਨ - ਨੂੰ ਵਿੱਤੀ ਅਤੇ ਲੌਜਿਸਟਿਕਸ ਸਹਾਇਤਾ ਪ੍ਰਦਾਨ ਕੀਤੀ ਸੀ । ਜ਼ਿਕਰਯੋਗ ਹੈ ਕਿ ਦਿੱਲੀ ਪੁਲਿਸ ਵੱਲੋਂ ਦੋ ਦੋਸ਼ੀ ਵਿਅਕਤੀਆਂ ਹਰਗੁਨ ਅਤੇ ਵਿਕਾਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਪ੍ਰਦੀਪ ਅਤੇ ਗੁਰਦਿੱਤ ਨੇ ਨਵੀਨ ਚੌਧਰੀ ਅਤੇ ਕੁਸ਼, ਜਿਨ੍ਹਾਂ ਨੂੰ ਜ਼ੀਸ਼ਾਨ ਅਖਤਰ ਵੱਲੋਂ ਭੇਜੇ ਗਏ ਦੋ ਹੈਂਡ ਗ੍ਰਨੇਡ ਮਿਲੇ ਸਨ, ਦੀ ਭੂਮਿਕਾ ਬਾਰੇ ਖੁਲਾਸਾ ਕੀਤਾ। ਇਨ੍ਹਾਂ ਵਿੱਚ ਇੱਕ ਗ੍ਰਨੇਡ ਉਨ੍ਹਾਂ ਨੇ ਸ਼ਹਿਜ਼ਾਦ ਭੱਟੀ ਦੇ ਨਿਰਦੇਸ਼ਾਂ 'ਤੇ ਗੁਰਦਾਸਪੁਰ ਪੁਲਿਸ ਥਾਣੇ 'ਤੇ ਗ੍ਰਨੇਡ ਸੁੱਟਣ ਵਾਲੇ ਮਾਡਿਊਲ ਨੂੰ ਸੌਂਪ ਦਿੱਤਾ ਸੀ।

## ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹੋਮ ਡਿਪਾਰਟਮੈਂਟ ਦੇ ਡੈਸ਼ਬੋਰਡ ਨੂੰ ਕੀਤਾ ਲਾਂਚ

ਮਨਦੀਪ ਕੌਰ

ਚੰਡੀਗੜ੍ਹ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਗ੍ਰਹਿ ਵਿਭਾਗ ਦੇ ਡੈਸ਼ਬੋਰਡ ਦਾ ਉਦਘਾਟਨ ਕੀਤਾ। ਇਹ ਇੱਕ ਵੱਡਾ ਡਿਜੀਟਲ ਪਲੇਟਫਾਰਮ ਹੈ ? ਪੂਰੇ ਰਾਜ ਵਿੱਚ ਕਾਨੂੰਨ ਲਾਗੂ ਕਰਨ, ਐਮਰਜੈਂਸੀ ਵਿੱਚ ਮਦਦ ਕਰਨ ਅਤੇ ਪਬਲਿਕ ਸੇਫਟੀ ਮੈਨੇਜਮੈਂਟ ਵਿੱਚ ਵੱਡਾ ਬਦਲਾਅ ਆਵੇਗਾ। ਇਸ ਪਹਿਲ ਨੂੰ ਇੱਕ ਅਹਿਮ ਮੀਲ ਦਾ ਪੱਥਰ ਦੱਸਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਨਵੇਂ ਸਿਸਟਮ ਨਾਲ ਸੀਨੀਅਰ ਅਧਿਕਾਰੀ ਇੱਕ ਹੀ ਇੰਟਰਫੇਸ 'ਤੇ ਪੁਲਿਸ, ਫਾਇਰ, ਐਂਬੂਲੈਂਸ, ਜੇਲ੍ਹ ਅਤੇ ਦੂਜੇ ਜਰੂਰੀ ਵਿੰਗ ਤੋਂ ਰਿਅਲ-ਟਾਇਮ ਜਾਣਕਾਰੀ ਪਾ ਸਕਣਗੇ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਗ੍ਰਹਿ ਵਿਭਾਗ ਵਿੱਚ ਤਾਲਮੇਲ ਬਿਹਤਰ ਹੋਵੇਗਾ, ਸਮਰੱਥਾ ਵਧੇਗੀ ਅਤੇ ਤੇਜੀ ਨਾਲ ਫੈਸਲੇ ਲੈਣ ਵਿੱਚ ਮਦਦ ਮਿਲੇਗੀ। ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਨਵੀਂ ਪਹਿਲ ਲਈ ਹੋਮ ਸੈਕ੍ਰੇਟਰੀ ਅਤੇ ਦੂਜੇ ਸੀਨੀਅਰ ਅਧਿਕਾਰੀਆਂ ਅਤੇ ਟੈਕਨੀਕਲ ਟੀਮ ਨੂੰ ਵਧਾਈ ਦਿੱਤੀ। ਇਹ ਇੰਟੀਗੇ ?ਰਟੇਡ ਪਲੇਟਫਾਰਮ ਕ੍ਰਾਇਮ ਐਂਡ ਕ੍ਰਿਮਿਨਲ



ਟ ?ਰੈਕਿੰਗ ਨੈਟਵਰਕ ਐਂਡ ਸਿਸਟਮਸ (ਸੀਸੀਟੀਐਨਐਸ), ਡਾਇਲ-112 ਐਮਰਜੈਂਸੀ ਰਿਸਪਾਂਸ, ਈ-ਪ੍ਰਿਜਨ, ਈ-ਚਾਲਾਨ, ਫੌਰੇਂਸਿਕ ਸਾਇੰਸ ਲੈਬੋਰੇਟਰੀ ਅਤੇ ਇਸ ਨਾਲ ਜੁੜੇ ਪਲੇਟਫਾਰਮ ਵਰਗੇ ਜਰੂਰੀ ਸਿਸਟਮ ਨੂੰ ਇੱਕਠੇ ਲਿਆਉਂਦਾ ਹੈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਡੈਸ਼ਬੋਰਡ ਦੇ ਨਾਲ ਈ-ਸਮਨ ਅਤੇ ਈ-ਚਾਲਾਨ ਨੂੰ ਜੋੜਨ ਦਾ ਵੀ ਨਿਰਦੇਸ਼ ਦਿੱਤਾ। ਮੁੱਖ ਮੰਤਰੀ ਨੇ ਡੈਸ਼ਬੋਰਡ ਦੇ ਜਰਇਏ ਹਰਿਆਣਾ ਦੀ ਸਾਰੀ 20 ਜੇਲ੍ਹਾਂ ਦੀ ਰਿਅਲ ਟਾਇਮ ਵਿੱਚ ਲਾਇਵ ਮਾਨੀਟਰਿੰਗ ਦੀ ਤਾਰੀਫ ਕੀਤੀ। ਇਸ ਨਾਲ ਅਧਿਕਾਰੀ ਕੈਦੀਆਂ ਦੇ ਟ ?ਰਾਂਸਫਰ, ਐਕਸਪੇਂਸ਼ਨ ਦੀ ਜਰੂਰਤਾਂ ਅਤੇ ਭੀੜ ਘੱਟ ਕਰਨ ਦੇ ਉਪਾਆਂ ਦੀ ਪਲਾਨਿੰਗ ਕਰ ਪਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਤਰ੍ਹਾ ਦੀ ਰਿਅਲ-ਟਾਇਮ ਡਿਜੀਬਿਲਿਟੀ ਨਾਲ ਵੱਧ ਜਾਣਕਾਰੀ ਅਤੇ ਸਮੇਂ 'ਤੇ ਪ੍ਰਸਾਸ਼ਨਿਕ ਕਾਰਵਾਈ ਕਰਨ ਵਿੱਚ ਮਦਦ ਮਿਲੇਗੀ। ਮੀਟਿੰਗ ਵਿੱਚ ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ 1 ਜੁਲਾਈ, 2024 ਤੋਂ 30 ਨਵੰਬਰ, 2025 ਦੇ ਵਿੱਚ ਡੈਸ਼ਬੋਰਡ 'ਤੇ 1,78,038 ਐਫਆਈਆਰ ਦਰਜ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 1,32,790 ਕੇਸ ਨਿਪਟਾਏ ਜਾ ਚੁੱਕੇ ਹਨ, ਜੋ 74.58 ਫੀਸਦੀ ਡਿਸਪੋਜਲ ਰੇਟ ਦਿਖਾਉਂਦਾ ਹੈ। ਐਮਰਜੈਂਸੀ ਵਿੱਚ, ਪੁਲਿਸ ਹੁਣ ਏਵਰੇਜ 11 ਮਿੰਟ 54 ਸੈਕੇਂਡ ਦਾ ਰਿਸਪਾਂਸ ਟਾਇਮ ਦਿੰਦੀ ਹੈ ਅਤੇ ਡਿਸਪੇਚ 7 ਮਿੰਟ 36 ਸੈਕੇਂਡ ਦੇ ਅੰਦਰ ਹੋ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਐਂਬੂਲੈਂਸ ਸਰਵਿਸ ਔਸਤਨ 23 ਮਿੰਟ 49 ਸੈਕੇਂਡ ਵਿੱਚ ਲੋਕਾਂ ਤੱਕ ਪਹੁੰਚ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਜਲਦੀ ਮੈਡੀਕਲ ਮਦਦ ਮਿਲ ਰਹੀ ਹੈ ਅਤੇ ਨਤੀਜੇ ਬਿਹਤਰ ਹੋ ਰਹੇ ਹਨ ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਡੈਸ਼ਬੋਰਡ ਨੂੰ ਜਲਦੀ ਹੀ ਗ੍ਰਹਿ ਵਿਭਾਗ ਅਤੇ ਨਿਆਂ ਪ੍ਰਸ਼ਾਸ਼ਨ ਨਾਲ ਵੀ ਜੋੜਿਆ ਜਾਵੇਗਾ। ਪੁਲਿਸ, ਪ੍ਰਾਸੀਕਿਊਸ਼ਨ, ਜਿਊਡਿਸ਼ਿਅਰੀ, ਜੇਲ੍ਹ ਅਤੇ ਫੌਰੇਂਸਿਕ ਦੇ ਵਿੱਚ ਬਿਨ੍ਹਾਂ ਰੁਕਾਵਟ ਡੇਟਾ ਫਲੋ ਨੂੰ ਮੁਮਕਿਨ ਬਨਾਉਣ ਲਈ ਇੰਟਰ ਆਪਰੇਬਲ ਕ੍ਰਿਮਿਨਲ ਜਸਟਿਸ ਸਿਸਟਮ (ਆਈਸੀਜੇਐਸ) ਨੂੰ ਇੰਟੀਗ੍ਰੇਟ ਕਰਨ ਦਾ ਵੀ ਪਲਾਨ ਚੱਲ ਰਿਹਾ ਹੈ। ਡਾ. ਮਿਸ਼ਰਾ ਨੇ ਕਿਹਾ ਕਿ ਇਹ ਪਲੇਟਫਾਰਮ ਪੁਲਿਸ ਸਟੇਸ਼ਨਾਂ ਦੀ ਪਰਫਾਰਮੇਂਸ-ਬੇਸਡ ਰੈਂਕਿੰਗ ਨੂੰ ਆਸਾਨ ਬਣਾਏਗਾ, ਅਕਾਊਂਟੇਬਿਲਿਟੀ ਨੂੰ ਮਜਬੂਤ ਕਰੇਗਾ ਅਤੇ ਲਗਾਤਾਰ ਸੁਧਾਰ ਨੂੰ ਪ੍ਰੋਤਸਾਹਨ ਦਵੇਗਾ। ਇਹ ਸਾਰੇ 24 ਪੁਲਿਸ ਜਿਲ੍ਹਾ ਅਤੇ 413 ਪੁਲਿਸ ਸਟੇਸ਼ਨਾਂ ਦੇ ਰਿਅਲ-ਟਾਇਮ ਡੇਟਾ ਨਾਲ ਵੀ ਚੱਲੇਗਾ। ਡੈਸ਼ਬੋਰਡ ਦਾ ਮਕਦ ਪੂਰੇ ਸੂਬੇ ਵਿੱਚ ਕ੍ਰਾਇਮ ਟ ?ਰੇਂਡਸ 'ਤੇ ਨਜ਼ਰ ਰੱਖਣ, ਵਿਭਾਗ ਦੇ ਵਿੱਚ ਤਾਲਮੇਲ ਸੁਧਾਰਣ ਅਤੇ ਪਬਲਿਕ ਸੇਫਟੀ ਵਧਾਉਣ ਲਈ ਇੱਕ ਵੱਡੇ ਫੈਸਲੇ-ਸਮਰਥਨ ਪ੍ਰਣਾਲੀ ਦੇ ਤੌਰ 'ਤੇ ਕੰਮ ਕਰਨਾ ਹੋਵੇਗਾ।

## ਸਰਕਾਰੀ ਸਕੂਲਾਂ ਦਾ ਢਾਂਚਾਗਤ ਵਿਕਾਸ ਕਰਨਾ ਅਤੇ ਗੁਣਵੱਤਾਪੂਰਨ ਸਿੱਖਿਆ ਦੇਣਾ ਸੂਬਾ ਸਰਕਾਰ ਦੀ ਹੈ ਮੁੱਖ ਪ੍ਰਾਥਮਿਕਤਾ-ਸਿੱਖਿਆ ਮੰਤਰੀ ਮਹੀਪਾਲ ਢਾਂਡਾ

ਪੰਕਜ

ਚੰਡੀਗੜ੍ਹ, - ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹਿਪਾਲ ਢਾਂਡਾ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਟੀਚਾ ਸਰਕਾਰੀ ਸਕੂਲਾਂ ਦੀ ਢਾਂਚਾਗਤ ਸਥਿਤੀ ਨੂੰ ਮਜਬੂਤ ਕਰਨਾ ਅਤੇ ਵਿਦਿਆਰਥੀਆਂ ਨੂੰ ਬੇਹਤਰ, ਸੁਰੱਖਿਅਤ ਅਤੇ ਆਧੁਨਿਕ ਟੀਚਿੰਗ ਮਾਹੌਲ ਉਪਲਬਧ ਕਰਾਉਣਾ ਹੈ। ਇਸੇ ਦਿਸ਼ਾ ਵਿੱਚ ਸਰਕਾਰ ਸਕੂਲਾਂ ਵਿੱਚ ਸਮਾਰਟ ਸਿੱਖਿਆ 'ਤੇ ਜੋਰ ਦੇਣ ਦੇ ਨਾਲ ਨਾਲ ਵਿਦਿਆਰਥੀਆਂ ਦੇ ਹੱਕ ਵਿੱਚ ਕਈ ਭਲਾਈਕਾਰੀ ਯੋਜਨਾਵਾਂ 'ਤੇ ਤੇਜੀ ਨਾਲ ਕੰਮ ਕਰ ਰਹੀ ਹੈ। ਸਿੱਖਿਆ ਮੰਤਰੀ ਅੱਜ ਪੰਚਕੂਲਾ ਸਥਿਤ ਸਿੱਖਿਆ ਸਦਨ ਵਿੱਚ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਪਿਛਲੇ 5 ਸਾਲਾਂ ਵਿੱਚ ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਤਕਰੀਬਨ 26 ਹਜ਼ਾਰ ਸਮਾਰਟ ਕਲਾਸ ਬੋਰਡ ਮੁਹੱਈਆ ਕਰਵਾਏ ਗਏ ਹਨ ਜਿਸ ਨਾਲ ਵਿਦਿਆਰਥੀ ਤਕਨੀਕੀ ਤੌਰ ਨਾਲ ਸਮਰਥ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਸਹੂਲਤ



ਲਈ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਡਿਯੂਲ ਡੇਸਕ ਦੀ ਵਿਵਸਥਾ ਕਰਵਾਈ ਜਾ ਰਹੀ ਹੈ ਤਾਂ ਜੋ ਬੱਚਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਵਿੱਚ ਕੋਈ ਅਸਹੂਲਤ ਨਾ ਹੋਵੇ। ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਜਲਦ ਤੋਂ ਜਲਦ ਅਧਿਆਪਕਾਂ ਦੀ ਆਨਲਾਇਨ ਟ ?ਰਾਂਸਫਰ ਦਾ ਸ਼ੈਡਯੂਲ ਜਾਰੀ ਕੀਤਾ ਜਾਵੇ। ਮੀਟਿੰਗ ਵਿੱਚ ਜਾਣੂ ਕਰਵਾਇਆ ਗਿਆ ਕਿ ਪੂਰੇ ਦੇਸ਼ ਵਿੱਚ ਹਰਿਆਣਾ ਇੱਕ ਅਜਿਹਾ ਰਾਜ ਹੈ ਜਿੱਥੇ ਸਰਕਾਰੀ ਸਕੂਲਾਂ ਵਿੱਚ ਪਢਨ ਵਾਲੇ ਬੱਚਿਆਂ ਨੂੰ ਮਿਡ-ਡੇ-ਮੀਲ ਵਿੱਚ ਖ਼ਾਸ ਅਤੇ ਪੌਸ਼ਟਿਕ ਮੇਨਯੂ ਮੁਹੱਈਆ ਕਰਾਇਆ ਜਾਂਦਾ ਹੈ। ਵਿਦਿਆਰਥੀਆਂ ਨੂੰ ਮਿਡ-ਡੇ-ਮੀਲ ਵਿੱਚ ਦੁੱਧ, ਖੀਰ, ਪਿੰਨੀ ਅਤੇ ਹੋਰ ਸੁਆਦਿਸ਼ਟ ਭੋਜਨ ਦਿੱਤਾ ਜਾਂਦਾ ਹੈ। ਇਸ ਦੇ ਇਲਾਵਾ ਭੋਜਨ ਦੀ ਗੁਣਵੱਤਾ ਯਕੀਨੀ ਕਰਨ ਲਈ ਇਸ ਦੀ ਜਾਂਚ ਭਾਰਤ ਸਰਕਾਰ ਵੱਲੋਂ ਮੰਜ਼ੂਰ ਲੈਬ ਵਿੱਚ ਕਰਵਾਈ ਜਾਂਦੀ ਹੈ। ਮੰਤਰੀ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰੀ ਸਕੂਲ ਇਮਾਰਤਾਂ ਦੇ ਨਿਰਮਾਣ ਕੰਮਾਂ ਨੂੰ ਗਤੀ ਦਿੱਤੀ ਜਾਵੇ ਤਾਂ ਜੋ ਕਿਸੇ ਵੀ ਵਿਦਿਆਰਥੀ ਨੂੰ ਪਢਾਈ ਦੌਰਾਨ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਅਧਿਕਾਰੀ ਸਮੇ-ਸਮੇ 'ਤੇ ਸਰਕਾਰੀ ਸਕੂਲਾਂ ਦਾ ਦੌਰਾ ਕਰਨ, ਕਮੀਆਂ ਨੂੰ ਵੇਖਣ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਤੁਰੰਤ ਕਾਰਵਾਈ ਕਰਨ। ਸਿੱਖਿਆ ਮੰਤਰੀ ਨੇ ਕਿਹਾ ਕਿ ਅਧਿਆਪਕ ਸਮੇ ਸਿਰ ਜਮਾਤਾਂ ਵਿੱਚ ਪਢਾਈ ਕਰਵਾਉਣਾ ਯਕੀਨੀ ਕਰਨ। ਟੀਚਿੰਗ ਵਿੱਚ ਕੋਈ ਲਾਪਰਵਾਈ ਜਾਂ ਉਦਾਸੀਨਤਾ ਕਿਸੇ ਵੀ ਪੱਧਰ 'ਤੇ ਬਰਦਾਸਤ ਨਹੀਂ ਕੀਤੀ ਜਾਵੇਗੀ। ਅਜਿਹੇ ਮਾਮਲਿਆਂ ਵਿੱਚ ਸਬੰਧਿਤ ਅਧਿਆਪਕਾਂ ਅਤੇ ਕਰਮਚਾਰਿਆਂ ਵਿਰੁਧ ਕਾਰਵਾਈ ਕੀਤੀ ਜਾਵੇਗੀ। ਸ੍ਰੀ ਢਾਂਡਾ ਨੇ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਨੂੰ ਪਹਿਲੀ ਪ੍ਰਾਥਮਿਕਤਾ ਦਿੰਦੇ ਹੋਏ ਇਹ ਯਕੀਨੀ ਕਰ ਰਹੀ ਹੈ ਕਿ ਹਰਿਆਣਾ ਦੇ ਸਰਕਾਰੀ ਸਕੂਲ ਆਧੁਨਿਕ ਸਹੂਲਤਾਂ, ਮਜਬੂਤ ਸਰੋਤਾਂ ਅਤੇ ਗੁਣਵੱਤਾਪੂਰਨ ਟੀਚਿੰਗ ਵਾਤਾਵਰਨ ਨਾਲ ਲੈਸ ਹੋਵੇ। ਸਰਕਾਰ ਦਾ ਟੀਚਾ ਹੈ ਕਿ ਹਰਿਆਣਾ ਦਾ ਹਰੇਕ ਬੱਚਾ ਮਜਬੂਤ ਬੁਨਿਯਾਦ ਅਤੇ ਉੱਚ ਪੱਧਰੀ ਸਿੱਖਿਆ ਨਾਲ ਆਪਣੇ ਭਵਿੱਖ ਵੱਲ ਅੱਗੇ ਵੱਧ ਸਕਣ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸਕੂਲ ਸਿੱਖਿਆ ਸ੍ਰੀ ਵਿਨਿਤ ਗਰਗ, ਮੁੱਖ ਮੰਤਰੀ ਦੇ ਵਿਸ਼ੇਸ਼ ਕਾਰਜ ਅਧਿਕਾਰੀ ਸ੍ਰੀ ਰਾਜ ਨੇਹਰੂ, ਮੌਲਿਕ ਸਿੱਖਿਆ ਡਾਇਰੈਕਟਰ ਜਨਰਲ ਸ੍ਰੀ ਵਿਵੇਕ ਅਗਰਵਾਲ, ਸਕੂਲ ਸਿੱਖਿਆ ਵਿਭਾਗ ਦੇ ਨਿਦੇਸ਼ਕ ਸ੍ਰੀ ਜਿਤੇਂਦਰ ਦਹਿਯਾ ਅਤੇ ਹੋਰ ਅਧਿਕਾਰੀ ਮੌਜੂਦ ਰਹੇ।

## ਸੰਪਾਦਕੀ

# ਭਾਰਤੀ ਰੁਪਏ ਦੀ ਸਥਿਤੀ

ਵਿਸ਼ਵ ਪੱਧਰ 'ਤੇ, 195 ਤੋਂ ਵੱਧ ਦੇਸ਼ ਹਨ, ਅਤੇ ਹਰੇਕ ਦੇਸ਼ ਆਪਣੀ ਮੁਦਰਾ ਦੀ ਵਰਤੋਂ ਕਰਦਾ ਹੈ। ਦੁਨੀਆ ਵਿੱਚ ਸਭ ਤੋਂ ਵੱਧ ਪ੍ਰਸਿੱਧ ਮੁਦਰਾਵਾਂ ਡਾਲਰ, ਯੂਰੋ, ਪੌਂਡ, ਦਿਨਾਰ, ਰਿਆਲ, ਯੇਨ, ਆਦਿ ਹਨ। ਇੱਕ ਦੇਸ਼ ਤੋਂ ਦੂਜੇ



ਦੇਸ਼ ਦੀ ਯਾਤਰਾ ਕਰਦੇ ਸਮੇਂ, ਉਸ ਦੇਸ਼ ਦੇ ਅੰਦਰ ਲੈਣ-ਦੇਣ ਕਰਨ ਲਈ ਮੁਦਰਾ ਐਕਸਚੇਂਜ ਦੀ ਲੋੜ ਹੁੰਦੀ ਹੈ। ਸਰਕਾਰ ਮੁਦਰਾ ਜਾਰੀ ਕਰਦੀ ਹੈ; ਇਸਨੂੰ ਕਾਨੂੰਨੀ ਟੈਂਡਰ ਵੀ ਕਿਹਾ ਜਾਂਦਾ ਹੈ। ਮੁਦਰਾ ਦਾ ਮੁੱਲ ਸਥਿਰ ਨਹੀਂ ਹੁੰਦਾ ਅਤੇ ਰੋਜ਼ਾਨਾ ਬਦਲਦਾ ਰਹਿੰਦਾ ਹੈ। ਮੁਦਰਾਵਾਂ ਦਾ ਮੁੱਲ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਹੁੰਦਾ ਹੈ। ਪਿਛਲੇ ਹਫ਼ਤੇ ਦੌਰਾਨ, ਅਮਰੀਕੀ ਡਾਲਰ ਅਤੇ ਭਾਰਤੀ ਰੁਪਏ ਵਿਚਕਾਰ ਵਟਾਂਦਰਾ ਦਰ 2 ਦਸੰਬਰ, 2025 ਨੂੰ 89.755 ਦੇ ਉੱਚ ਪੱਧਰ ਅਤੇ 25 ਨਵੰਬਰ, 2025 ਨੂੰ 89.0625 ਦੇ ਹੇਠਲੇ ਪੱਧਰ ਦੇ ਵਿਚਕਾਰ ਉਤਰਾਅ-ਚੜ੍ਹਾਅ ਵਿੱਚ ਰਹੀ। 24 ਘੰਟਿਆਂ ਦੀ ਸਭ ਤੋਂ ਵੱਡੀ ਕੀਮਤ ਤਬਦੀਲੀ 1 ਦਸੰਬਰ, 2025 ਨੂੰ ਹੋਈ, ਜਿਸ ਵਿੱਚ 0.235 ਪ੍ਰਤੀਸ਼ਤ ਵਾਧਾ ਹੋਇਆ। ਭਾਰਤੀ ਰੁਪਏ (ਰੁਪਏ) ਦੀ ਅੰਤਰਰਾਸ਼ਟਰੀ ਸਥਿਤੀ ਹਮੇਸ਼ਾ ਭਾਰਤ ਦੇ ਆਰਥਿਕ ਢਾਂਚੇ, ਵਿਕਾਸ ਦਰ, ਨਿਰਯਾਤ-ਆਯਾਤ ਸੰਤੁਲਨ ਅਤੇ ਵਿਸ਼ਵਵਿਆਪੀ ਆਰਥਿਕ ਘਟਨਾਵਾਂ ਤੋਂ ਬਹੁਤ ਪ੍ਰਭਾਵਿਤ ਰਹੀ ਹੈ। ਮੌਜੂਦਾ ਵਿਸ਼ਵਵਿਆਪੀ ਆਰਥਿਕ ਮਾਹੌਲ ਵਿੱਚ, ਜਿੱਥੇ ਅਮਰੀਕਾ ਅਤੇ ਯੂਰਪ ਵਰਗੀਆਂ ਅਰਥਵਿਵਸਥਾਵਾਂ ਆਪਣੀਆਂ ਮੁਦਰਾ ਨੀਤੀਆਂ ਨੂੰ ਲਗਾਤਾਰ ਸਖ਼ਤ ਕਰ ਰਹੀਆਂ ਹਨ, ਭਾਰਤ ਵਰਗੇ ਉੱਭਰ ਰਹੇ ਦੇਸ਼ਾਂ ਦੀਆਂ ਮੁਦਰਾਵਾਂ ਸਿੱਧੇ ਤੌਰ 'ਤੇ ਡਾਲਰ ਦੇ ਉਤਰਾਅ-ਚੜ੍ਹਾਅ ਤੋਂ ਪ੍ਰਭਾਵਿਤ ਹੁੰਦੀਆਂ ਹਨ। ਇਸ ਸਥਿਤੀ ਵਿੱਚ, ਭਾਰਤੀ ਰੁਪਿਆ ਇੱਕ ਪਰਿਵਰਤਨਸ਼ੀਲ ਪੜਾਅ 'ਤੇ ਖੜ੍ਹਾ ਹੈ। ਇੱਕ ਪਾਸੇ, ਇਹ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਦੀ ਮੁਦਰਾ ਹੈ, ਜਦੋਂ ਕਿ ਦੂਜੇ ਪਾਸੇ, ਇਸਦੀ ਅੰਤਰਰਾਸ਼ਟਰੀ ਸਵੀਕ੍ਰਿਤੀ ਅਤੇ ਮੁਲਾਂਕਣ ਸੀਮਤ ਰਹਿੰਦਾ ਹੈ। ਡਾਲਰ-ਨਿਰਭਰ ਗਲੋਬਲ ਵਪਾਰ ਪ੍ਰਣਾਲੀ ਵਿੱਚ INR ਦੀ ਭੂਮਿਕਾ ਵਧ ਰਹੀ ਹੈ, ਪਰ ਇਹ ਅਜੇ ਵੀ ਵਿਸ਼ਵ ਵਪਾਰ ਦੀਆਂ ਮੁੱਖ ਮੁਦਰਾਵਾਂ ਵਿੱਚ ਸ਼ਾਮਲ ਕਰਨ ਲਈ ਕਾਫ਼ੀ ਮਜ਼ਬੂਤ ਨਹੀਂ ਹੈ। ਮੇਰਾ ਮੰਨਣਾ ਹੈ ਕਿ ਭਾਰਤੀ ਰੁਪਏ ਨੂੰ ਇਸ ਸਮੇਂ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਅਜਿਹੀ ਮੁਦਰਾ ਵਜੋਂ ਦੇਖਿਆ ਜਾਂਦਾ ਹੈ ਜੋ ਸਥਿਰ ਅਤੇ ਚੁਣੌਤੀਪੂਰਨ ਦੋਵੇਂ ਤਰ੍ਹਾਂ ਦੀ ਹੈ। ਸਥਿਰ ਕਿਉਂਕਿ ਭਾਰਤ ਦੀ ਵਿੱਤੀ ਪ੍ਰਣਾਲੀ ਮਜ਼ਬੂਤ ਹੈ, ਵਿਦੇਸ਼ੀ ਮੁਦਰਾ ਭੰਡਾਰ ਦੁਨੀਆ ਦੇ ਸਿਖਰ 'ਤੇ ਹਨ, ਅਤੇ ਆਰਥਿਕ ਵਿਕਾਸ ਦਰਾਂ ਦੁਨੀਆ ਵਿੱਚ ਸਭ ਤੋਂ ਤੇਜ਼ ਹਨ। ਪਰ ਚੁਣੌਤੀਪੂਰਨ ਕਿਉਂਕਿ ਰੁਪਏ ਦੀ ਐਕਸਚੇਂਜ ਦਰ ਅਜੇ ਵੀ ਬਾਹਰੀ ਕਾਰਕਾਂ, ਖਾਸ ਕਰਕੇ ਅਮਰੀਕੀ ਡਾਲਰ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਇੱਕ ਮਜ਼ਬੂਤ ਡਾਲਰ ਆਪਣੇ ਆਪ ਹੀ ਭਾਰਤ ਵਰਗੀਆਂ ਮੁਦਰਾਵਾਂ 'ਤੇ ਦਬਾਅ ਪਾਉਂਦਾ ਹੈ, ਅਤੇ ਇਹ ਦਬਾਅ ਵਿਦੇਸ਼ੀ ਨਿਵੇਸ਼ ਦੇ ਬਾਹਰੀ ਪ੍ਰਵਾਹ, ਅਸਥਿਰ ਗਲੋਬਲ ਬਾਜ਼ਾਰਾਂ ਅਤੇ ਤੇਲ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਦੁਆਰਾ ਹੋਰ ਵਧ ਜਾਂਦਾ ਹੈ। ਇਸ ਲਈ, ਭਾਰਤੀ ਰੁਪਏ ਦੀ ਅੰਤਰਰਾਸ਼ਟਰੀ ਤਾਕਤ ਅਕਸਰ ਵਿਸ਼ਵਵਿਆਪੀ ਸਥਿਤੀਆਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਨਾ ਕਿ ਸਿਰਫ਼ ਭਾਰਤ ਦੀ ਘਰੇਲੂ ਆਰਥਿਕ ਤਾਕਤ ਦੁਆਰਾ। ਦੋਸਤੋ, ਜੇਕਰ ਅਸੀਂ ਅਸਲ ਪ੍ਰਭਾਵਸ਼ਾਲੀ ਐਕਸਚੇਂਜ ਦਰ ਨੂੰ ਐਕਸਚੇਂਜ ਦਰ ਦੇ ਦ੍ਰਿਸ਼ਟੀਕੋਣ ਤੋਂ ਵੇਖਦੇ ਹਾਂ, ਤਾਂ ਤਸਵੀਰ ਮੁਕਾਬਲਤਨ ਸੰਤੁਲਿਤ ਦਿਖਾਈ ਦਿੰਦੀ ਹੈ। ਇਹ ਦਰ ਵਪਾਰ ਮੁਕਾਬਲੇਬਾਜ਼ੀ, ਮਹਿੰਗਾਈ ਅਤੇ ਖਰੀਦ ਸ਼ਕਤੀ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਕਈ ਸਾਲਾਂ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਰੁਪਿਆ ਨਾਮਾਤਰ ਤੌਰ 'ਤੇ ਡਿੱਗ ਰਿਹਾ ਹੈ, ਪਰ ਇਸਦੀ ਅਸਲ ਮੁਕਾਬਲੇਬਾਜ਼ੀ ਓਨੀ ਮਾੜੀ ਨਹੀਂ ਹੈ ਜਿੰਨੀ ਯੂਐਸਡੀ/ਰੁਪਏਦਰ ਦੱਸਦੀ ਹੈ। ਇਸਦਾ ਇੱਕ ਕਾਰਨ ਇਹ ਹੈ ਕਿ ਭਾਰਤ ਦਾ ਨਿਰਯਾਤ ਅਧਾਰ ਫੈਲ ਰਿਹਾ ਹੈ, ਸੇਵਾ ਖੇਤਰ ਵਿਸ਼ਵ ਪੱਧਰ 'ਤੇ ਪ੍ਰਮੁੱਖ ਹੈ, ਅਤੇ ਘਰੇਲੂ ਬਾਜ਼ਾਰ ਦੀ ਸਥਿਰਤਾ ਕੁਝ ਹੱਦ ਤੱਕ ਬਾਹਰੀ ਦਬਾਅ ਨੂੰ ਪੂਰਾ ਕਰਦੀ ਹੈ। ਦੋਸਤੋ, ਜੇਕਰ ਅਸੀਂ ਹੁਣ ਭਾਰਤੀ ਰੁਪਏ ਦੀ ਤੁਲਨਾ ਅੰਤਰਰਾਸ਼ਟਰੀ ਮੁਦਰਾਵਾਂ, ਖਾਸ ਕਰਕੇ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਪ੍ਰਮੁੱਖ ਮੁਦਰਾਵਾਂ ਨਾਲ ਕਰੀਏ, ਤਾਂ ਮੌਜੂਦਾ ਸਥਿਤੀ ਇਸ ਤਰ੍ਹਾਂ ਉਭਰਦੀ ਹੈ: ਜ਼ਿਆਦਾਤਰ ਅੰਤਰਰਾਸ਼ਟਰੀ ਮੁਦਰਾਵਾਂ ਦੇ ਮੁਕਾਬਲੇ INR ਕਮਜ਼ੋਰ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਲਗਭਗ 89-90 ਰੁਪਏ ਦਾ ਮੁੱਲ ਦਰਸਾਉਂਦਾ ਹੈ ਕਿ ਪਿਛਲੇ ਦਹਾਕੇ ਦੌਰਾਨ ਰੁਪਿਆ ਹੌਲੀ-ਹੌਲੀ ਕਮਜ਼ੋਰ ਹੋਇਆ ਹੈ। ਯੂਰੋ, ਬ੍ਰਿਟਿਸ਼ ਪੌਂਡ ਅਤੇ ਜਾਪਾਨੀ ਯੇਨ ਵਰਗੀਆਂ ਸਥਿਰ ਮੁਦਰਾਵਾਂ ਦੇ ਮੁਕਾਬਲੇ ਵੀ, ਰੁਪਏ ਦਾ ਮੁੱਲਾਂਕਣ ਦਰਸਾਉਂਦਾ ਹੈ ਕਿ ਭਾਰਤ ਨੂੰ ਅਜੇ ਵੀ ਵਿਸ਼ਵ ਆਰਥਿਕ ਦ੍ਰਿਸ਼ਟੀਕੋਣ ਵਿੱਚ ਵਧੇਰੇ ਸਥਿਰਤਾ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਹਾਲਾਂਕਿ, ਇਹ ਵੀ ਧਿਆਨ ਦੇਣ ਯੋਗ ਹੈ ਕਿ ਮੁਦਰਾ ਦੀ ਕਮਜ਼ੋਰੀ ਹਮੇਸ਼ਾ ਇੱਕ ਨਕਾਰਾਤਮਕ ਸੰਕੇਤ ਨਹੀਂ ਹੁੰਦੀ; ਬਹੁਤ ਸਾਰੇ ਦੇਸ਼ ਜਾਣਬੁੱਝ ਕੇ ਨਿਰਯਾਤ ਨੂੰ ਵਧਾਉਣ ਅਤੇ ਘਰੇਲੂ ਉਦਯੋਗਾਂ ਨੂੰ ਲਾਭ ਪਹੁੰਚਾਉਣ ਲਈ ਆਪਣੀਆਂ ਮੁਦਰਾਵਾਂ ਨੂੰ ਪ੍ਰਤੀਯੋਗੀ ਬਣਾਈ ਰੱਖਦੇ ਹਨ। ਭਾਰਤ ਦੀ ਸਥਿਤੀ ਮਿਸ਼ਰਤ ਹੈ: ਇੱਕ ਕਮਜ਼ੋਰ ਮੁਦਰਾ ਨਿਰਯਾਤ ਨੂੰ ਕੁਝ ਸਹਾਇਤਾ ਪ੍ਰਦਾਨ ਕਰਦੀ ਹੈ, ਪਰ ਊਰਜਾ ਆਯਾਤ 'ਤੇ ਭਾਰੀ ਨਿਰਭਰਤਾ ਭਾਰਤੀ ਅਰਥਵਿਵਸਥਾ 'ਤੇ ਮਹਿੰਗਾ ਪ੍ਰਭਾਵ ਪਾਉਂਦੀ ਹੈ। ਜਦੋਂ ਮੱਧ ਏਸ਼ੀਆਈ ਦੇਸ਼ਾਂ,ਜਿਵੇਂ ਕਿ ਕਜ਼ਾਕਿਸਤਾਨ ਉਜ਼ਬੇਕਿਸਤਾਨ, ਕਿਰਗਿਸਤਾਨ, ਤਾਜਿਕਸਤਾਨ,ਜਾਂ ਤੁਰਕਮੇਨਿਸਤਾਨ ਦੀਆਂ ਮੁਦਰਾਵਾਂ ਦੇ ਮੁਕਾਬਲੇ ਰੁਪਏ ਦੀ ਸਥਿਤੀ ਦੀ ਤੁਲਨਾ ਕੀਤੀ ਜਾਂਦੀ ਹੈ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰੁਪਏ ਕੁਝ ਮਾਮਲਿਆਂ ਵਿੱਚ ਵਧੇਰੇ ਸਥਿਰ ਦਿਖਾਈ ਦਿੰਦਾ ਹੈ। ਬਹੁਤ ਸਾਰੇ ਮੱਧ ਏਸ਼ੀਆਈ ਦੇਸ਼ਾਂ ਦੀਆਂ ਮੁਦਰਾਵਾਂ ਰਾਜਨੀਤਿਕ ਅਸਥਿਰਤਾ, ਵਿੱਤੀ ਰੁਕਾਵਟਾਂ ਅਤੇ ਵਪਾਰਕ ਨਿਰਭਰਤਾ ਦੇ ਕਾਰਨ ਵਧੇਰੇ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰਦੀਆਂ ਹਨ। ਅਜਿਹੀ ਸਥਿਤੀ ਵਿੱਚ,ਰੁਪਏ ਇੱਕ ਮੁਕਾਬਲਤਨ ਸਥਿਰ ਮੁਦਰਾ ਹੈ, ਜੋ ਭਾਰਤ ਅਤੇ ਮੱਧ ਏਸ਼ੀਆ ਵਿਚਕਾਰ ਵਪਾਰਕ ਸਬੰਧਾਂ ਲਈ ਸਕਾਰਾਤਮਕ ਮੌਕੇ ਪੈਦਾ ਕਰਦੀ ਹੈ। ਜਿਵੇਂ-ਜਿਵੇਂ ਭਾਰਤ ਊਰਜਾ, ਰੱਖਿਆ, ਸਿੱਖਿਆ, ਫਾਰਮਾਸਿਊਟੀਕਲ ਅਤੇ ਤਕਨਾਲੋਜੀ ਵਿੱਚ ਇਨ੍ਹਾਂ ਦੇਸ਼ਾਂ ਨਾਲ ਸਹਿਯੋਗ ਵਧਾ ਰਿਹਾ ਹੈ, ਇਨ੍ਹਾਂ ਖੇਤਰਾਂ ਵਿੱਚ ਰੁਪਏ ਦਾ ਲੈਣ-ਦੇਣ ਮੁੱਲ ਹੌਲੀ-ਹੌਲੀ ਵਧ ਸਕਦਾ ਹੈ। ਦੋਸਤੋ, ਜੇਕਰ ਅਸੀਂ ਹੁਣ ਭਾਰਤੀ ਰੁਪਏ ਦੇ ਭਵਿੱਖ 'ਤੇ ਵਿਚਾਰ ਕਰੀਏ, ਖਾਸ ਕਰਕੇ ਵਿਜ਼ਨ 2047 ਦੇ ਸੰਦਰਭ ਵਿੱਚ, ਤਾਂ ਤਸਵੀਰ ਬਹੁਤ ਦਿਲਚਸਪ ਅਤੇ ਬਹੁਪੱਖੀ ਹੈ। ਭਾਰਤ ਦਾ ਟੀਚਾ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਨ ਦਾ ਹੈ। ਜੇਕਰ ਇਹ ਟੀਚਾ ਆਰਥਿਕ ਢਾਂਚੇ, ਨੀਤੀ ਨਿਰਮਾਣ, ਉਦਯੋਗਿਕ ਵਿਕਾਸ, ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਤਕਨੀਕੀ ਤਾਕਤ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ, ਤਾਂ ਭਾਰਤੀ ਰੁਪਏ ਦੀ ਵਿਸ਼ਵਵਿਆਪੀ ਸਥਿਤੀ ਬਿਨਾਂ ਸ਼ੱਕ ਅੱਜ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋਵੇਗੀ। ਭਾਰਤ ਦੇ 2047 ਤੱਕ 26 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣਨ ਦਾ ਅਨੁਮਾਨ ਹੈ, ਜਿਸ ਵਿੱਚ ਪ੍ਰਤੀ ਵਿਅਕਤੀ ਆਮਦਨ ਵੀ ਕਈ ਗੁਣਾ ਵਧੇਗੀ। ਅਜਿਹੀ ਵਿਸ਼ਾਲ ਆਰਥਿਕ ਸੰਭਾਵਨਾ ਕੁਦਰਤੀ ਤੌਰ 'ਤੇ ਮੁਦਰਾ ਦੀ ਅੰਤਰਰਾਸ਼ਟਰੀ ਭਰੋਸੇਯੋਗਤਾ ਨੂੰ ਵਧਾਏਗੀ। ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ 2047 ਵਿੱਚ ਭਾਰਤ ਵਿੱਚ ਰੁਪਿਆ ਕਿਹੋ ਜਿਹਾ ਹੋਵੇਗਾ, ਤਾਂ ਇਹ ਸਵਾਲ ਆਰਥਿਕ ਨੀਤੀ ਨਿਰਮਾਤਾਵਾਂ, ਬਾਜ਼ਾਰ ਮਾਹਿਰਾਂ ਅਤੇ ਵਿਸ਼ਵਵਿਆਪੀ ਨਿਵੇਸ਼ਕਾਂ ਲਈ ਵੀ ਉਨਾ ਹੀ ਮਹੱਤਵਪੂਰਨ ਹੈ। ਜੇਕਰ ਭਾਰਤ ਆਪਣੀ ਮੌਜੂਦਾ ਵਿਕਾਸ ਦਰ ਨੂੰ ਬਣਾਈ ਰੱਖਦਾ ਹੈ, ਊਰਜਾ ਸਵੈ-ਨਿਰਭਰਤਾ ਵਧਾਉਂਦਾ ਹੈ, ਆਪਣੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਮਜ਼ਬੂਤ ਕਰਦਾ ਹੈ, ਆਪਣੇ ਵਪਾਰ ਘਾਟੇ ਨੂੰ ਕੰਟਰੋਲ ਕਰਦਾ ਹੈ, ਅਤੇ ਹੋਰ ਦੇਸ਼ਾਂ ਨਾਲ ਰੁਪਏ ਦਾ ਵਪਾਰ ਸ਼ੁਰੂ ਕਰਦਾ ਹੈ, ਤਾਂ ਇਹ ਸੰਭਵ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਭਾਰਤੀ ਰੁਪਏ ਇੱਕ ਵਧੇਰੇ ਸਥਿਰ ਅਤੇ ਮਜ਼ਬੂਤ ਮੁਦਰਾ ਵਜੋਂ ਉਭਰੇਗਾ। ਇਸ ਤੋਂ ਇਲਾਵਾ, ਡਿਜੀਟਲ ਮੁਦਰਾਵਾਂ(ਕੇਂਦਰੀ ਬੈਂਕ ਡਿਜੀਟਲ ਮੁਦਰਾਵਾਂ), ਫਿਨਟੈਕ, ਡਿਜੀਟਲ ਭੁਗਤਾਨਾਂ, ਅਤੇ ਗਲੋਬਲ ਮੁਦਰਾ ਐਕਸਚੇਂਜ ਨੈੱਟਵਰਕਾਂ ਵਿੱਚ ਭਾਰਤ ਦੀ ਸ਼ਮੂਲੀਅਤ ਰੁਪਏ ਦੀ ਸਵੀਕ੍ਰਿਤੀ ਵਧਾਉਣ ਵਿੱਚ ਇੱਕ ਵੱਡੀ ਭੂਮਿਕਾ ਨਿਭਾਏਗੀ। 2047 ਵਿੱਚ ਰੁਪਏ ਦੀ ਸੰਭਾਵੀ ਐਕਸਚੇਂਜ ਦਰ ਦੀ ਭਵਿੱਖਬਾਣੀ ਕਰਨਾ ਕਈ ਅਨਿਸ਼ਚਿਤਤਾਵਾਂ ਦੇ ਕਾਰਨ ਮੁਸ਼ਕਲ ਹੈ। ਹਾਲਾਂਕਿ, ਭਾਰਤ ਦਾ ਆਰਥਿਕ ਢਾਂਚਾ, ਜਿਵੇਂ ਕਿ ਇਹ ਵਿਕਾਸਸ਼ੀਲ ਤੋਂ ਵਿਕਸਤ ਵਿੱਚ ਬਦਲਦਾ ਹੈ, ਸੁਝਾਅ ਦਿੰਦਾ ਹੈ ਕਿ ਰੁਪਏ ਦਾ ਅੰਤਰਰਾਸ਼ਟਰੀ ਮੁੱਲਾਂਕਣ ਅੱਜ ਵਾਂਗ ਨਹੀਂ ਰਹੇਗਾ। ਇਹ ਮਜ਼ਬੂਤ, ਸਥਿਰ ਅਤੇ ਵਿਸ਼ਵ ਮੁਦਰਾ ਪ੍ਰਣਾਲੀ ਵਿੱਚ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਜੇਕਰ ਭਾਰਤੀ ਅਰਥਵਿਵਸਥਾ ਨਿਰਯਾਤ-ਮੁਖੀ ਬਣ ਜਾਂਦੀ ਹੈ ਤਾਂਰੁਪਏ ਦੀ ਤਾਕਤ ਵਧੇਗੀ। ਜੇਕਰ ਭਾਰਤ ਊਰਜਾ ਆਯਾਤ 'ਤੇ ਆਪਣੀ ਨਿਰਭਰਤਾ ਘਟਾ ਦਿੰਦਾ ਹੈ ਅਤੇ ਰੱਖਿਆ, ਤਕਨਾਲੋਜੀ, 19, ਫਾਰਮਾਸਿਊਟੀਕਲ, ਸਪੇਸ ਅਤੇ ਸੈਮੀਕੰਡਕਟਰਾਂ ਵਰਗੇ ਖੇਤਰਾਂ ਵਿੱਚ ਮੋਹਰੀ ਬਣ ਜਾਂਦਾ ਹੈ, ਤਾਂ ਰੁਪਏ ਦਾ ਮੁੱਲ ਅੱਜ ਨਾਲੋਂ ਵੀ ਜ਼ਿਆਦਾ ਅਨੁਕੂਲ ਹੋ ਸਕਦਾ ਹੈ। ਰੁਪਏ ਦੀ ਤਾਕਤ ਨੂੰ ਸਿਰਫ਼ ਡਾਲਰ ਦੇ ਮੁਕਾਬਲੇ ਨਹੀਂ ਮਾਪਿਆ ਜਾਂਦਾ।

**ਸਭ ਤੋਂ ਫਾਸਟ ਆਹਮੋ-ਸਾਹਮਣੇ**

**RNI NO -PUNHIN0/2013/54688**

Printed by Surinder Kumar , Published by Surinder Kumar, Owned by Surinder Kumar & Printed at Dashmash Printers 178-179 Ranjit Nagar, Jalnadhar City, Published 87 Ranjit Nagar Near Bus Stand, Jalandhar, Punjab

**Editor Surinder Kumar (SK Saxena)**

Responsible for selection of News under the PRB ACT.
All Rights Reserved Reproduction in whole or in Part without Permission in Prohibited, All disputes shall be settled at Jalandhar Jurisdiction only
Faxt No. : 0181-5024001, Conact No : 0181-5077100

**ਜ਼ਰੂਰੀ ਸੂਚਨਾ**

ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਪ੍ਰਦਰਸ਼ਿਤ/ਵਰਗੀਕ੍ਰਿਤ) ਦੇ ਤੱਥਾਂ ਲਈ ਸਭ ਤੋਂ ਫਾਸਟ ਆਹਮੋ ਸਾਹਮਣੇ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਸਾਡਾ ਅਖ਼ਬਾਰ ਇਨ੍ਹਾਂ ਦੀ ਪੁਸ਼ਟੀ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਸਾਰੇ ਤੱਥਾਂ ਦੀ ਖੁਦ ਪੁਸ਼ਟੀ ਕਰਨ। - ਮੁੱਖ ਸੰਪਾਦਕ




# ਸਰਕਾਰੀ ਸਕੂਲ ਗੇਰਾ ਤੇ ਘਗਵਾਲ ਵਿਖੇ ਕਰਵਾਇਆ ਕਰੀਅਰ ਗਾਈਡੈਂਸ ਪ੍ਰੋਗਰਾਮ

ਰਾਜਨ

ਹੁਸ਼ਿਆਰਪੁਰ, : ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੇਰਾ ਅਤੇ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਗਵਾਲ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਦੀ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਕਰਵਾਇਆ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਰਕਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਸਵੈ-ਰੋਜ਼ਗਾਰ ਸਕੀਮਾਂ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਅਤੇ ਵੱਖ-ਵੱਖ ਸਰਕਾਰੀ ਨੌਕਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਫੂਡ ਕਰਾਫਟ ਇੰਸਟੀਚਿਊਟ ਦੇ ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਕਿੱਤਾ ਮੁਖੀ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਆਪਣਾ ਕੰਮ ਸਥਾਪਿਤ ਕਰਕੇ ਦੂਜਿਆਂ ਨੂੰ ਵੀ ਰੋਜ਼ਗਾਰ ਦੇਣ ਦੇ ਕਾਬਿਲ ਹੋ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਫੂਡ ਕਰਾਫਟ ਇੰਸਟੀਚਿਊਟ ਵਿਖੇ ਡਿਪਲੋਮਾ ਅਤੇ ਡਿਗਰੀ ਕੋਰਸ ਕਰਵਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਆਤਮ-ਨਿਰਭਰ ਬਣ ਸਕਦੇ ਹਨ ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਉਪਰੋਕਤ ਦੋਵਾਂ ਸਕੂਲਾਂ ਦੇ ਸਮੂਹ ਸਟਾਫ ਅਤੇ 130 ਦੇ ਕਰੀਬ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ। ਇਸ ਮੌਕੇ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੇਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਗਵਾਲ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।

# ਕਥਿਤ ਵਾਇਰਲ ਆਡੀਓ ਬਾਰੇ ਦਾਇਰ ਪਟੀਸ਼ਨ: ਅਦਾਲਤ ਨੇ ਪਟੀਸ਼ਨ ਦੀ ਮੈਨਟੇਨੇਬਲਿਟੀ ਸਬੰਧੀ ਮੰਗਿਆ ਸਪੱਸ਼ਟੀਕਰਨ

ਮਨਦੀਪ ਕੌਰ

ਚੰਡੀਗੜ੍ਹ, ਜ਼ਿਲ੍ਹਾ ਪਟਿਆਲਾ ਵਿੱਚ ਹੋ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਕੀਤੀ ਇੱਕ ਜਨਹਿੱਤ ਪਟੀਸ਼ਨ (ਪੀਆਈਐਲ) ਦਾ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਸ੍ਰੀ ਮਨਿੰਦਰਜੀਤ ਸਿੰਘ ਬੇਦੀ ਨੇ ਸਖ਼ਤ ਵਿਰੋਧ ਕੀਤਾ ਹੈ ।ਇਹ ਪਟੀਸ਼ਨ ਇੱਕ ਕਥਿਤ ਕਾਨਫਰੰਸ ਕਾਲ ਦੀ ਆਡੀਓ ਰਿਕਾਰਡਿੰਗ 'ਤੇ ਅਧਾਰਤ ਹੈ, ਜੋ ਵਾਇਰਲ ਹੋ ਗਈ ਸੀ।



ਸੂਬੇ ਨੇ ਸੰਵਿਧਾਨਕ ਅਦਾਲਤਾਂ ਵਿੱਚ ਪਟੀਸ਼ਨ ਦੇ ਗ਼ੈਰ-ਵਾਜਿਬ ਹੋਣ ਬਾਰੇ ਬੁਨਿਆਦੀ ਇਤਰਾਜ਼ ਚੁੱਕੇ ਹਨ। ਮਾਣਯੋਗ ਹਾਈ ਕੋਰਟ ਵਿੱਚ ਪੇਸ਼ ਹੁੰਦੇ ਹੋਏ, ਐਡਵੋਕੇਟ ਜਨਰਲ ਨੇ ਸੁਪਰੀਮ ਕੋਰਟ ਵਲੋਂ ਵੱਖ ਵੱਖ ਮਾਮਲਿਆਂ ਵਿਚ ਸੁਣਾਏ ਗਏ ਫੈਸਲੇ ਦੀਆਂ ਉਦਾਹਰਣਾਂ ਦਿੰਦੇ ਹੋਏ ਦਲੀਲ ਦਿੱਤੀ ਕਿ ਚੋਣਾਂ ਨਾਲ ਸਬੰਧਤ ਮਾਮਲਿਆਂ ਵਿੱਚ ਅਪੀਲਾਂ ਮੇਨਟੇਨੇਬਲ ਨਹੀਂ ਹਨ। ਉਨ੍ਹਾਂ ਦਲੀਲ ਦਿੱਤੀ ਕਿ ਰਾਨੀਤੀ ਤੋਂ ਪ੍ਰੇਰਿਤ ਅਜਿਹੀਆਂ ਪਟੀਸ਼ਨਾਂ, ਸੰਵਿਧਾਨਕ ਅਦਾਲਤਾਂ ਵੱਲੋਂ ਵਿਚਾਰੀਆਂ ਨਹੀਂ ਜਾਣੀਆਂ ਚਾਹੀਦੀਆਂ। ਪੰਜਾਬ ਸਰਕਾਰ ਤਰਫ਼ੋਂ ਪੇਸ਼ ਕੀਤੇ ਗਏ ਤੱਥਾਂ ਨੂੰ ਸੁਣਵਾਈ ਦੌਰਾਨ ਉਦੋਂ ਹੋਰ ਵੀ ਮਜ਼ਬੂਤੀ ਮਿਲੀ ਜਦੋਂ ਇਹ ਦੱਸਿਆ ਗਿਆ ਕਿ ਪਟੀਸ਼ਨਰਾਂ ਦੀ ਚੋਣ ਅਧਿਕਾਰੀਆਂ ਨੂੰ ਪੇਸ਼ ਕੀਤੀ ਕਥਿਤ ਪ੍ਰਤੀਬੇਨਤੀ ਰਾਜਨੀਤਿਕ ਪਾਰਟੀਆਂ ਦੇ ਅਧਿਕਾਰਤ ਲੈਟਰਹੈੱਡ 'ਤੇ ਜਾਰੀ ਕੀਤੀ ਗਈ ਸੀ ਜਿਸ ਨਾਲ ਪਟੀਸ਼ਨਰ ਦਾ ਪੱਖ ਹੋਰ ਕਮਜ਼ੋਰ ਹੋ ਗਿਆ। ਐਡਵੋਕੇਟ ਜਨਰਲ ਨੇ ਦਲੀਲ ਦਿੱਤੀ ਕਿ ਇਹ ਸਪੱਸ਼ਟ ਤੌਰ 'ਤੇ ਪਟੀਸ਼ਨ ਦੇ ਪੱਖਪਾਤੀ ਹੋਣ ਦੀ ਪੁਸ਼ਟੀ ਕਰਦਾ ਹੈ ਅਤੇ ਇੱਕ ਅਸਲੀ ਤੇ ਵਾਜਿਬ ਜਨਹਿੱਤ ਪਟੀਸ਼ਨ ਵਜੋਂ ਇਸਦੇ ਰੱਖ-ਰਖਾਅ ਨੂੰ ਹੋਰ ਕਮਜ਼ੋਰ ਕਰਦਾ ਹੈ। ਐਡਵੋਕੇਟ ਜਨਰਲ ਦੀਆਂ ਬੇਨਤੀਆਂ 'ਤੇ ਧਿਆਨ ਦਿੰਦੇ ਹੋਏ, ਮਾਨਯੋਗ ਹਾਈ ਕੋਰਟ ਨੇ ਪਟੀਸ਼ਨਰਾਂ ਤੋਂ ਇਹ ਸਪੱਸ਼ਟ ਕਰਨ ਲਈ ਵਿਸਤ੍ਰਿਤ ਸਪੱਸ਼ਟੀਕਰਨ ਮੰਗਿਆ ਹੈ ਕਿ ਇਨ੍ਹਾਂ ਕਾਨੂੰਨੀ ਇਤਰਾਜ਼ਾਂ ਦੇ ਮੱਦੇਨਜ਼ਰ ਪਟੀਸ਼ਨ ਕਿਵੇਂ ਮੈਨਟੇਨੇਬਲ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ ਸੋਮਵਾਰ ਨੂੰ ਹੋਵੇਗੀ।

# ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਉਣ ਲਈ ਹਥਿਆਰਬੰਦ ਸੈਨਾ ਝੰਡਾ ਦਿਵਸ ਦੇ ਸਮੇਂ ਸੁਪਰਡੰਟ, ਜ਼ਿਲ੍ਹਾ ਰੱਖਿਆ ਸੇਵਾਵਾਂ ਫਿਰੋਜ਼ਪੁਰ ਦੀ ਅਗਵਾਈ ਹੇਠ ਉਹਨਾਂ ਦੇ ਸਟਾਫ਼ ਮੈਂਬਰਾਂ ਵੱਲੋਂ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੂੰ ਝੰਡਾ ਲਗਾਉਣ ਦੀ ਰਸਮ ਅਦਾ ਕੀਤੀ

ਜਸਪਾਲ ਸਿੰਘ

ਫਿਰੋਜ਼ਪੁਰ-ਜ਼ਿਲ੍ਹਾ ਫਿਰੋਜ਼ਪੁਰ ਵਿਚ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਉਣ ਲਈ ਹਥਿਆਰਬੰਦ ਸੈਨਾ ਝੰਡਾ ਦਿਵਸ ਦੇ ਸਮੇਂ ਸੁਪਰਡੰਟ, ਜ਼ਿਲ੍ਹਾ ਰੱਖਿਆ ਸੇਵਾਵਾਂ ਫਿਰੋਜ਼ਪੁਰ ਦੀ ਅਗਵਾਈ ਹੇਠ ਉਹਨਾਂ ਦੇ ਸਟਾਫ਼ ਮੈਂਬਰਾਂ ਵੱਲੋਂ ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੂੰ ਝੰਡਾ ਲਗਾਉਣ ਦੀ ਰਸਮ ਅਦਾ ਕੀਤੀ ਗਈ। ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਨੇ ਇਸ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਕਿ ਸੈਨਾ ਝੰਡਾ ਦਿਵਸ ਦੇਸ਼ ਦੇ ਅਮਰ ਸ਼ਹੀਦਾਂ ਦੀ ਯਾਦ ਸਾਡੇ ਸਭਨਾਂ ਦੇ ਮਨਾਂ ਵਿੱਚ ਤਾਜ਼ਾ ਕਰਦਾ ਹੈ, ਜਿਨ੍ਹਾਂ ਨੇ ਸਾਡੇ ਕੱਲ੍ਹ ਵਾਸਤੇ ਆਪਣੇ ਆਪ ਨੂੰ ਕੁਰਬਾਨ ਕੀਤਾ ਹੈ। ਇਸ ਦਿਨ ਸੁਰੱਖਿਆ ਸੈਨਾਵਾਂ ਵੱਲੋਂ ਦੇਸ਼ ਲਈ ਦਿੱਤੀਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਹੈ ਜਿਸ ਨਾਲ ਸੈਨਿਕਾਂ ਦੇ ਪਰਿਵਾਰਾਂ ਨੂੰ ਹੌਸਲਾ ਮਿਲਦਾ ਹੈ ਅਤੇ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਦੇਸ਼ ਦੀ ਜਨਤਾ ਹਰ ਮਾੜੇ ਅਤੇ ਚੰਗੇ ਸਮੇਂ ਵਿੱਚ ਉਹਨਾਂ ਦੇ ਨਾਲ ਹੈ। ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਦੁਸ਼ਮਣ ਵੱਲੋਂ ਥੋਪੀਆਂ ਲੜਾਈਆਂ ਅਤੇ ਅੱਤਵਾਦ ਖਿਲਾਫ ਸੈਨਿਕਾਂ ਨੇ ਕਾਫ਼ੀ ਸ਼ਹਾਦਤਾਂ ਪਾਈਆਂ ਹਨ, ਜੋ ਕਿ ਸ਼ਲਾਘਾਯੋਗ ਹਨ। ਕਈ ਸੈਨਿਕ ਸ਼ਹੀਦ ਹੋ ਗਏ ਅਤੇ ਕਈ ਸਦਾ ਲਈ ਨਕਾਰਾ ਹੋ ਗਏ। ਅਜਿਹੇ ਸੈਨਿਕਾਂ ਦੇ ਪਰਿਵਾਰਾਂ ਦੀ ਦੇਖਭਾਲ ਕਰਨਾ ਸਰਕਾਰ ਅਤੇ ਸਮਾਜ ਦੀ ਮੁੱਢਲੀ ਜਿੰਮੇਵਾਰੀ ਬਣ ਜਾਂਦੀ ਹੈ। ਬੇਸ਼ੱਕ ਸਰਕਾਰ ਅਜਿਹੇ ਪਰਿਵਾਰਾਂ ਦੀ ਬੜੀ ਹਮਦਰਦੀ ਨਾਲ ਸਮੇਂ-ਸਮੇਂ ਤੇ ਕਈ ਪ੍ਰਕਾਰ ਦੀ ਮੱਦਦ ਕਰਦੀ ਹੈ, ਪ੍ਰੰਤੂ ਹਥਿਆਰਬੰਦ ਸੈਨਾ ਝੰਡਾ ਦਿਵਸ ਭਾਰਤ ਦੇਸ਼ ਅਤੇ ਇਸ ਸੂਬੇ ਦੇ ਹਰ ਨਾਗਰਿਕ ਨੂੰ ਆਪਣੇ ਬਹਾਦਰ ਸੈਨਿਕਾਂ ਅਤੇ ਉਹਨਾਂ ਦੇ ਪਰਿਵਾਰਾਂ ਪ੍ਰਤੀ ਸਤਿਕਾਰ ਅਤੇ ਸਹਾਨੂਭੂਤੀ ਪ੍ਰਗਟ ਕਰਨ ਲਈ ਇੱਕ ਸੁਨਿਹਰੀ ਮੌਕਾ ਪ੍ਰਦਾਨ ਕਰਦਾ ਹੈ। ਇਸ ਲਈ ਭਾਰਤ ਦੇਸ਼ ਦਾ ਹਰ ਨਾਗਰਿਕ ਝੰਡਾ ਦਿਵਸ ਮਨਾ ਕੇ ਦਿਲ ਖੋਲ ਕੇ ਦਾਨ ਕਰਦਾ ਹੈ। ਦਾਨ ਵੱਜੋਂ ਇੱਕਠਾ ਕੀਤਾ ਗਿਆ ਪੈਸਾ ਰਾਜ ਸਰਕਾਰ ਦੇ ਆਰਮਡ ਫੋਰਸ਼ਜ਼ ਫਲੈਗ ਡੇ ਫੰਡ ਵਿੱਚ ਜਮ ?ਹਾਂ ਕੀਤਾ ਜਾਂਦਾ ਹੈ ਜੋ ਕਿ ਦੇਸ਼ ਲਈ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਅਤੇ ਨਕਾਰਾ ਹੋਏ ਸੈਨਿਕਾਂ ਅਤੇ ਹੋਰ ਲੋੜਵੰਦ ਸਾਬਕਾ ਸੈਨਿਕਾਂ ਦੀ ਭਲਾਈ ਲਈ ਚੱਲ ਰਹੀਆਂ ਸਕੀਮਾਂ ਲਈ ਵਰਤਿਆਂ ਜਾਂਦਾ ਹੈ। ਇਸ ਲਈ ਡਿਪਟੀ ਕਮਿਸ਼ਨਰ ਨੇ ਇਸ ਝੰਡਾ ਦਿਵਸ ਤੇ ਸਾਰੇ ਫਿਰੋਜ਼ਪੁਰ ਜ਼ਿਲ੍ਹੇ ਦੇ ਨਾਗਰਿਕਾਂ, ਪ੍ਰਾਈਵੇਟ ਸਕੂਲਾਂ, ਕਾਲਜ਼ਾਂ, ਹਸਪਤਾਲਾਂ, ਮਹਿਕਮਿਆਂ ਅਤੇ ਸੰਸਥਾਵਾਂ ਨੂੰ ਖੁੱਲੇ ਦਿਲ ਨਾਲ ਦਾਨ ਦੇਣ ਲਈ ਅਪੀਲ ਕੀਤੀ ਅਤੇ ਕਿਹਾ ਕਿ ਆਉ ਆਪਾਂ ਵੀ ਓਹਨਾਂ ਸੂਰਬੀਰ ਸ਼ਹੀਦ ਸੈਨਿਕਾਂ ਨੂੰ ਪ੍ਰਣਾਮ ਕਰੀਏ ਜਿਨ੍ਹਾਂ ਨੇ ਮੁਸ਼ਕਲਾਂ ਭਰੇ ਹਲਾਤਾਂ ਵਿੱਚ ਆਪਣੇ ਅਨਮੋਲ ਜੀਵਨ ਦੀ ਪਰਵਾਹ ਨਾ ਕਰਦੇ ਹੋਏ ਦੇਸ਼ ਦੀ ਸੁਰੱਖਿਆ ਲਈ ਲਾਸਾਨੀ ਕੁਰਬਾਨੀ ਦਾ ਜਾਮ ਪੀਤਾ ਅਤੇ ਸਾਡੇ ਕੱਲ ਲਈ ਆਪਣਾ ਅੱਜ ਕੁਰਬਾਨ ਕੀਤਾ। ਇਹਨਾਂ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਸਦਕਾ ਹੀ ਅਸੀਂ ਦੇਸ਼ ਦੀ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਇਸ ਲਈ ਸਾਡਾ ਇਹ ਸਮਾਜਿਕ ਫਰਜ਼ ਬਣਦਾ ਹੈ ਕਿ ਅਸੀਂ ਵੀ ਉਹਨਾਂ ਦੇ ਪਰਿਵਾਰਾਂ ਦੀ ਭਲਾਈ ਲਈ ਆਪਣਾ ਯੋਗਦਾਨ ਪਾਈਏ। ਸ਼ਹੀਦ ਸਦਾ ਅਮਰ ਰਹਿੰਦੇ ਹਨ। ਇਸ ਮੌਕੇ ਤੇ ਅਸੀ ਆਪਣੀ ਸਮਰੱਥਾ ਅਨੁਸਾਰ ਵੱਧ ਚੜ੍ਹ ਕੇ ਦਾਨ ਕਰੀਏ। ਇਸ ਕਾਰਜ ਲਈ ਦਾਨ ਕੀਤੀ ਜਾਣ ਵਾਲੀ ਰਾਸ਼ੀ ਕਰ ਮੁੱਕਤ ਹੋਵੇਗੀ।




# ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਕਿਯੂਏਏ-ਕਿਯੂਸੀਆਈ ਅਤੇ ਕਿਯੂਏਏ-ਐਨਏਬੀਐਲ ਦੇ ਵਿੱਚ ਐਮਓਯੂ

ਐਸ. ਕੇ. ਸਕਸੈਨਾ

ਚੰਡੀਗੜ੍ਹ, - ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਬੁੱਧਵਾਰ ਨੂੰ ਹਰਿਆਣਾ ਸਿਵਲ ਸਕੱਤਰੇਤ ਵਿੱਚ ਕੁਆਲਿਟੀ ਏਸ਼ਿਓਰੇਂਸ ਅਥਾਰਿਟੀ, ਹਰਿਆਣਾ ਵੱਲੋਂ ਦੋ ਮਹਤੱਵਪੂਰਣ ਸਮਝੌਤਾ ਮੈਮੋ (ਐਮਓਯੂ) 'ਤੇ ਦਸਤਖਤ ਕੀਤੇ ਗਏ। ਇਹ ਸਮਝੌਤੇ ਕ੍ਰਮਵਾਰ ਕੁਆਲਿਟੀ ਕਾਊਂਸਿਲ ਆਫ ਇੰਡੀਆ, ਦਿੱਲੀ ਅਤੇ ਨੈਸ਼ਨਲ ਏਕ੍ਰਿਡਿਟੇਸ਼ਨ ਬੋਰਡ ਫਾਰ ਟੇਸਟਿੰਗ ਐਂਡ ਕੈਲਿਬ੍ਰੇਸ਼ਨ ਲੇਬੋਰੇਟਰੀਜ਼ (ਟੰਨ:) ਦੇ ਨਲ ਸਪੰਨ ਹੋਏ। ਇੰਨ੍ਹਾਂ ਐਮਓਯੂ 'ਤੇ ਕੁਆਲਿਟੀ ਏਸ਼ਿਯੋਰੇਂਸ ਅਥਾਰਿਟੀ, ਹਰਿਆਣਾ ਦੇ ਚੇਅਰਪਰਸਨ ਸ੍ਰੀ ਰਾਜੀਵ ਅਰੋੜਾ ਅਤੇ ਕੁਆਲਿਟੀ ਕਾਊਂਸਿਲ ਆਫ ਇੰਡੀਆ, ਦਿੱਲੀ ਦੇ ਮਹਾਸਕੱਤਰ ਸ੍ਰੀ ਚੱਕਰਵਰਤੀ ਟੀ. ਕਨਨ ਨੇ ਦਸਤਖਤ ਕੀਤੇ। ਇਸ ਮੌਕੇ 'ਤੇ ਐਨਏਬੀਐਲ ਦੇ ਚੇਅਰਮੈਨ ਡਾ. ਸੰਦੀਪ ਸ਼ਾਹ ਮੌਜੂਦ ਰਹੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ 'ਤੇ ਕਿਹਾ ਕਿ ਇੰਨ੍ਹਾਂ ਦੋਨਾਂ ਸਮਝੌਤਿਆਂ ਨਾਲ ਹਰਿਆਣਾ ਵਿੱਚ ਨਾ ਸਿਰਫ ਤਕਨੀਕੀ ਕੁਸ਼ਲਤਾ ਅਤੇ ਗੁਣਵੱਤਾ ਪ੍ਰਬੰਧਨ ਪ੍ਰਣਾਲੀ ਨੂੰ ਨਵਾਂ ਮੁਕਾਮ ਮਿਲੇਗਾ, ਸਗੋ ਪਬਲਿਕ ਨਿਰਮਾਣ ਕੰਮਾਂ ਦੀ ਭਰੋਸੇਮੰਦਗੀ, ਸੁਰੱਖਿਆ ਅਤੇ ਟਿਕਾਊਪਨ ਵੀ ਵਰਨਣਯੋਗ ਰੂਪ ਨਾਲ ਵਧੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਐਨਏਬੀਐਲ ਦੇ ਨਾਲ ਹੋਏ ਸਮਝੌਤੇ ਨਾਲ ਸੂਬੇ ਦੀ ਖੇਤੀਬਾੜੀ ਅਤੇ ਮੰਡੀ ਪ੍ਰਣਾਲੀ ਨੂੰ ਵੱਧ ਵਿਗਿਆਨਕ ਅਤੇ ਆਧੁਨਿਕ ਬਣੇਗੀ। ਉਨ੍ਹਾਂ ਨੇ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਕਿ ਐਨਏਬੀਐਲ ਦੀ ਤਕਨੀਕੀ ਮਾਹਰਤਾ ਦੀ ਵਰਤੋ ਕਰਦੇ ਹੋਏ ਮੰਡੀਆਂ ਵਿੱਚ ਅਜਿਹੀ ਲੈਬਸ ਦੀ ਸਥਾਪਨਾ ਨੂੰ ਪ੍ਰਾਥਮਿਕਤਾ ਦੇ ਨਾਲ ਅੱਗੇ ਵਧਾਇਆ ਜਾਵੇ, ਤਾਂ ਜੋ ਕਿਸਾਨਾਂ ਨੂੰ ਵਿਗਿਆਨਕ ਜਾਂਚ ਸਹੂਲਤਾਂ ਤੁਰੰਤ ਉਪਲਬਧ ਹੋ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਮੰਡੀਆਂ ਵਿੱਚ ਨਮੀ (ਮਾਇਸਚਰ) ਮਾਪਣ ਵਾਲੀ ਅੱਤਆਧੁਨਿਕ ਮਸ਼ੀਨਾਂ ਉਪਲਬਧ ਹੋਣ ਨਾਲ ਕਿਸਾਨਾਂ ਨੂੰ ਫਸਲ ਦੀ ਗੁਣਵਤਾ ਦਾ ਸਟੀਕ ਅਤੇ ਤੁਰੰਤ ਮੁਲਾਂਕਣ ਮਿਲ ਸਕੇਗਾ, ਕਿਸ ਨਾਂਲ ਖਰੀਦ ਪ੍ਰਕ੍ਰਿਆ ਵੱਧ ਪਾਰਦਰਸ਼ੀ ਅਤੇ ਭਰੋਸੇਯੋਗ ਬਣੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹਰਆ?ਣਾ ਵਿੱਚ ਸੜਕਾਂ, ਪੁੱਲਾਂ, ਇਮਾਰਤਾਂ, ਸ਼ਹਿਰੀ ਬੁਨਿਆਦੀ ਢਾਂਚਾ ਅਤੇ ਹੋਰ ਪਬਲਿਕ ਨਿਰਮਾਣ ਕੰਮਾਂ ਦਾ ਤੇਜੀ ਨਾਲ ਵਿਸਤਾਰ ਹੋ ਰਿਹਾ ਹੈ। ਅਜਿਹੇ ਵਿੱਚ ਸਰਕਾਰ ਦੀ ਸਰਵੋਚ ਪ੍ਰਾਥਮਿਕਤਾ ਇਹ ਯਕੀਨੀ ਕਰਨਾ ਹੈ ਕਿ ਹਰੇਕ ਪਰਿਯੋਜਨਾ ਉੱਚ ਗੁਣਵੱਤਾ ਅਤੇ ਵਿਗਿਆਨਕ ਮਾਨਕਾਂ ਦੇ ਅਨੁਰੂਪ ਪੂਰੀ ਹੋਵੇ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਸਮਝੌਤਿਆਂ ਰਾਹੀਂ ਇੰਜੀਨੀਅਰਾਂ, ਤਕਨੀਕੀ ਮਾਹਰਾਂ ਅਤੇ ਨਿਰਮਾਣ ਏਜੰਸੀਆਂ ਨੂੰ ਆਧੁਨਿਕ ਤਕਨੀਕਾਂ ਅਤੇ ਅੱਤਆਧੁਨਿਕ ਪ੍ਰਣਾਲੀਆਂ ਦਾ ਲਾਭ ਮਿਲੇਗਾ, ਜਿਸ ਨਾਲ ਪਰਿਯੋਜਨਾਵਾਂ ਦੀ ਗਤੀ ਅਤੇ ਸਟੀਕਤਾ ਦੋਨਾਂ ਵਿੱਚ ਵਾਧਾ ਹੋਵੇਗਾ। ਕੁਆਲਿਟੀ ਕਾਊਂਸਿਲ ਆਫ ਇੰਡੀਆ, ਦਿੱਲੀ ਦੇ ਨਾਲ ਹੋਏ ਸਮਝੌਤੇ ਦੇ ਤਹਿਤ ਸੂਬੇ ਦੇ ਇੰਜੀਨੀਅਰਾਂ, ਸਾਇਟ ਨਿਰੀਖਕਾਂ ਅਤੇ ਠੇਕੇਦਾਰਾਂ ਨੂੰ ਵਿਆਪਕ ਤਕਨੀਕੀ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ। ਇਸ ਸਿਖਲਾਈ ਵਿੱਚ ਬੀਆਈਐਮ, ਜੀਆਈਐਸ, ਡਰੋਨ ਤਕਨੀਕ ਅਤੇ ਡਿਜੀਟਲ ਕੰਸਟ ?ਰਕਸ਼ਨ ਮੈਨੇਜਮੈਂਟ ਵਰਗੇ ਆਧੁਨਿਕ ਸਮੱਗਰੀਆਂ ਅਤੇ ਤਕਨੀਕਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਨਾਲ ਹੀ ਸੁਰੱਖਿਆ ਮਾਨਕਾਂ, ਵਾਤਾਵਰਣ -ਅਨੁਕੂਲ ਨਿਰਮਾਣ ਪੱਤੀਆਂ, ਕੂੜਾ ਪ੍ਰਬੰਧਨ ਅਤੇ ਪ੍ਰਦੂਸ਼ਣ ਕੰਟਰੋਲ 'ਤੇ ਵੀ ਮਾਹਰ ਮਾਰਗਦਰਸ਼ਨ ਉਪਲਬਧ ਕਰਾਇਆ ਜਾਵੇਗਾ। ਇਸ ਨਾਲ ਵਿਭਾਗਾਂ ਦੀ ਤਕਨੀਕੀ ਸਮਰੱਥਾ ਵਧੇਗੀ ਅਤੇ ਡੀਪੀਆਰ , ਤਿਆਰੀ, ਡਿਜਾਇਨ ਤਸਦੀਕ ਅਤੇ ਸਾਇਟ ਨਿਰੀਖਣ ਦੀ ਗੁਣਵੱਤਾ ਵਿੱਚ ਵਰਨਣਯੋਗ ਸੁਧਾਰ ਹੋਵੇਗਾ। ਉੱਥੇ ਹੀ ਐਨਏਬੀਐਲ ਦੇ ਨਾਲ ਦਸਤਖਤ ਐਮਓਯੂ ਦਾ ਉਦੇਸ਼ ਖੁਦ ਦੀ ਲੈਬਸ ਜਾਂਚ ਪ੍ਰਣਾਲੀ ਨੂੰ ਹੋਰ ਵੱਧ ਭਰੋਸੇਯੋਗ ਅਤੇ ਪਾਰਦਰਸ਼ੀ ਬਨਾਉਣਾ ਹੈ। ਐਨਏਬੀਐਲ ਤੋਂ ਮਾਨਤਾ ਪ੍ਰਾਪਤ ਲੈਬਸ ਕੌਮੀ ਅਤੇ ਕੌਮਾਂਤਰੀ ਮਾਨਕਾਂ 'ਤੇ ਅਧਾਰਿਤ ਹੁੰਦੀਆਂ ਹਨ। ਇਸ ਤੋਂ ਹੁਣ ਹਰਿਆਣਾ ਵਿੱਚ ਸਰਕਾਰੀ ਪਰਿਯੋਜਨਾਵਾਂ ਦੀ ਜਾਂਚ ਰਿਪੋਰਟ ਵਿਗਿਆਨਕ ਰੂਪ ਨਾਲ ਵੱਧ ਪ੍ਰਮਾਣਿਤ ਅਤੇ ਭਰੋਸੇਯੋਗ ਹੋਵੇਗੀ। ਇਹ ਸਮਝੌਤਾ ਵਿਭਾਗਾਂ ਦੀ ਨਿਗਰਾਨੀ ਸਮਰੱਥਾ ਨੂੰ ਮਜਬੂਤ ਕਰੇਗਾ, ਜਾਂਚ ਵਿੱਚ ਗਲਤੀਆਂ ਨੂੰ ਘੱਟ ਕਰੇਗਾ ਅਤੇ ਪਰਿਯੋਜਨਾਵਾਂ ਨੂੰ ਸਮੇਂ 'ਤੇ ਪੂਰੀਆਂ ਕਰਨ ਵਿੱਚ ਸਹਾਇਕ ਸਾਬਤ ਹੋਵੇਗਾ। ਇਸ ਦੇ ਨਾਲ ਹੀ ਰਾਜ ਦਾ ਲੈਬ ਇਕੋਸਿਸਟਮ ਵੱਧ ਮਜਬੂਤ , ਪਾਰਦਰਸ਼ੀ ਅਤੇ ਜਵਾਬਦੇਹੀ ਬਣੇਗਾ।

**ਫੈਸਲੇ ਤੋਂ ਲੈ ਕੇ ਮੰਡੀਆਂ ਤੱਕ ਗੁਣਵੱਤਾ ਸੁਧਾਰ ਦੀ ਦਿਸ਼ਾ ਵਿੱਚ ਵੱਡਾ ਕਦਮ, ਮੰਡੀਆਂ ਵਿੱਚ ਲੱਗੇਗੀ ਐਨਏਬੀਐਲ ਲੈਬਸ, ਕਿਸਾਨਾਂ ਨੂੰ ਮਿਲੇਗਾ ਸਟੀਕ ਗੁਣਵੱਤਾ ਮੁਲਾਂਕਣ**

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੀਨ ਦਿਆਲ ਲਾਡੋ ਲਛਮੀ ਯੋਜਨਾ ਦੀ ਦੂਜੀ ਕਿਸਤ ਕੀਤੀ ਜਾਰੀ

ਪੰਕਜ

ਚੰਡੀਗੜ੍ਹ, - ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਦੀਨ ਦਿਆਲ ਲਾਡੋ ਲਛਮੀ ਯੋਜਨਾ ਦੀ ਦੂਜੀ ਕਿਸਤ ਜਾਰੀ ਕੀਤੀ। ਅੱਜ ਦੀ ਕਿਸਤ ਜਾਰੀ ਹੋਣ ਨਾਲ ਹੀ 7 ਲੱਖ 1 ਹਜ਼ਾਰ 965 ਲਾਭਾਰਥੀ ਭੈਣਾਂ ਦੇ ਖਾਤਿਆਂ ਵਿੱਚ ਲਗਭਗ 148 ਕਰੋੜ ਰੁਪਏ ਦੀ ਰਕਮ ਦਾ ਲਾਭ ਪਹੁੰਚਿਆ ਹੈ। ਮੁੱਖ ਮੰਤਰੀ ਬੁੱਧਵਾਰ ਨੂੰ ਇੱਥੇ ਆਯੋਜਿਤ ਮੀਡੀਆ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਸਮਾਜਿਕ ਨਿਆਂ ਅਧਿਕਾਰਤਾ ਅਨੁਸੂਚਿਤ ਜਾਤਿ ਅਤੇ ਪਿਛੜਾ ਵਰਗ ਕਲਿਆਣ ਅਤੇ ਅੰਤਯੋਦਿਆ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਵੀ ਮੌਜੂਦ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਫੈਸਲਾ ਲਿਆ ਹੈ ਕਿ ਹੁਣ ਇਸ ਯੋਜਨਾ ਦਾ ਲਾਭ 3 ਮਹੀਨੇ ਦੇ ਅੰਤਰਾਲ ਵਿੱਚ ਦਿੱਤਾ ਜਾਵੇਗਾ ਅਤੇ 3 ਮਹੀਨੇ ਦੀ ਰਕਮ ਦਾ ਇੱਕ ਸਾਥ ਭੁਗਤਾਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਹ ਯੋਜਨਾ ਸਿਰਫ਼ ਆਰਥਿਕ ਮਦਦ ਰਾਹੀਂ ਨਹੀਂ ਸਗੋਂ ਮਹਿਲਾਵਾਂ ਦੇ ਸਮਾਜਿਕ ਸਸ਼ਕਤੀਕਰਨ ਅਤੇ ਆਰਥਿਕ ਸੁਤੰਤਰਤਾ ਦੀ ਦਿਸ਼ਾ ਵਿੱਚ ਇੱਕ ਮਜਬੂਤ ਪਹਿਲ ਹੈ। ਉਨ੍ਹਾਂ ਨੇ ਕਿਹਾ ਕਿ ਗਤ 25 ਸਤੰਬਰ ਨੂੰ ਦੀਨ ਦਿਆਲ ਲਾਡੋ ਲਛਮੀ ਐਪ ਦਾ ਸ਼ੁਭਾਰੰਭ ਪੰਡਿਤ ਦੀਨ ਦਿਆਲ ਉਪਾਧਿਆਏ ਜੀ ਦੇ 109ਵੇਂ ਜਨਮਦਿਵਸ ਦੇ ਮੌਕੇ 'ਤੇ ਕੀਤਾ ਸੀ। ਉਸ ਤੋਂ ਬਾਅਦ 1 ਨਵੰਬਰ ਨੂੰ ਯੋਗ ਮਹਿਲਾਵਾਂ ਨੂੰ ਪਹਿਲਸੀ ਕਿਸਤ ਜਾਰੀ ਕਰ ਉਨ੍ਹਾਂ ਨੂੰ ਲਾਭ ਪ੍ਰਦਾਨ ਕੀਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਇਸ ਐਪ 'ਤੇ ਗਤ 30 ਨਵੰਬਰ ਤੱਕ 9 ਲੱਖ 592 ਮਹਿਲਾਵਾਂ ਨੇ ਅਪਲਾਈ ਕੀਤਾ ਹੈ। ਇਨ੍ਹਾਂ ਵਿੱਚੋਂ 7 ਲੱਖ 1 ਹਜ਼ਾਰ 965 ਮਹਿਲਾਵਾਂ ਯੋਗ ਪਾਈ ਗਈਆਂ। ਇਨ੍ਹਾਂ ਵਿੱਚੋਂ 5 ਲੱਖ 58 ਹਜ਼ਾਰ 346 ਮਹਿਲਾਵਾਂ ਨੇ ਆਪਣਾ ਆਧਾਰ ਕੇਵਾਈਸੀ ਪੂਰਾ ਕਰ ਲਿਆ ਹੈ। ਜਦੋਂ ਕਿ 1 ਲੱਖ 43 ਹਜ਼ਾਰ 619 ਮਹਿਲਾਵਾਂ ਦਾ ਵੇਰੀਫਿਕੇਸ਼ਨ ਪੇਂਡਿੰਗ ਹੈ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਮਹਿਲਾਵਾਂ ਦਾ ਆਧਾਰ ਕੇਵਾਈਸੀ ਦਾ ਅੰਤਮ ਪੜਾਅ ਹੁਣੇ ਵੀ ਬਕਾਇਆ ਹੈ ਉਨ੍ਹਾਂ ਨੂੰ ਅਪੀਲ ਹੈ ਕਿ ਉਹ ਜਲਦ ਤੋਂ ਜਲਦ ਇਸ ਨੂੰ ਪੂਰਾ ਕਰ ਲੈਣ। ਜਿਵੇਂ ਹੀ ਇਹ ਪ੍ਰੋਸੇਸ ਪੂਰਾ ਹੋਵੇਗਾ ਉਨ੍ਹਾਂ ਨੂੰ ਵੀ ਇਸ ਯੋਜਨਾ ਦਾ ਲਾਭ ਮਿਲਣਾ ਸ਼ੁਰੂ ਹੋ ਜਾਵੇਗਾ।

**7 ਲੱਖ 1 ਹਜ਼ਾਰ 965 ਲਾਭਾਰਥੀ ਭੈਣਾਂ ਦੇ ਖਾਤਿਆਂ ਵਿੱਚ ਭੇਜੀ ਗਈ ਲਗਭਗ 148 ਕਰੋੜ ਰੁਪਏ ਦੀ ਰਕਮ**



# ਹਰਿਆਣਾ ਨੇ ਵਧਾਈ ਯਮੁਨਾ ਪ੍ਰਦੂਸ਼ਣ ਕੰਟਰੋਲ ਮੁਹਿਮ ਦੀ ਗਤੀ

## ਮੁੱਖ ਸਕੱਤਰ ਨੇ ਦਿੱਤੇ ਡ੍ਰੇਨ-ਵਾਇਜ ਕਮੇਟੀਆਂ ਬਨਾਉਣ ਦੇ ਨਿਰਦੇਸ਼

ਰਮਨ ਕੁਮਾਰ

ਚੰਡੀਗੜ੍ਹ, - ਹਰਿਆਣਾ ਸਰਕਾਰ ਨੇ ਯਮੁਨਾ ਨਦੀ ਦੀ ਸਵੱਛਤਾ ਅਤੇ ਪ੍ਰਦੂਸ਼ਣ ਕੰਟਰੋਲ ਦੇ ਯਤਨਾਂ ਦੀ ਗਤੀ ਵਧਾ ਦਿੱਤੀ ਹੈ। ਇਸ ਸਬੰਧ ਵਿੱਚ ਅੱਜ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਹੋਈ ਉੱਚ ਪੱਧਰੀ ਸਮੀਖਿਆ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਦੀ ਵਿਸਤਾਰ ਮੁਲਾਂਕਨ ਕੀਤਾ ਗਿਆ। ਮੀਟਿੰਗ ਵਿੱਚ ਵੇਸਟ ਜਲ੍ਹ ਦੇ ਸ਼ੋਧਨ, ਉਦਯੋਗਿਕ ਅਨੁਪਾਲਣ ਅਤੇ ਸੀਵਰੇਜ ਬੁਨਿਆਦੀ ਢਾਂਚੇ ਦੇ ਮਜਬੂਤੀਕਰਣ 'ਤੇ ਵਿਸ਼ੇਸ਼ ਜੋਰ ਦਿੱਤਾ ਗਿਆ। ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੇ ਦਸਿਆ ਕਿ ਯਮੁਨਾ ਵਿੱਚ ਮਿਲਣ ਵਾਲੇ 11 ਪ੍ਰਮੁੱਖ ਨਾਲਿਆਂ ਤੋਂ ਰੋਜ਼ਾਨਾ ਵੱਗਣ ਵਾਲੇ 1511.55 ਮਿਲਿਅਨ ਲੀਟਰ ਵੇਸਟ ਜਲ੍ਹ ਵਿੱਚੋਂ ਲਗਭਗ 1000 ਮਿਲਿਅਨ ਲੀਟਰ ਪਹਿਲਾਂ ਤੋਂ ਹੀ ਉਪਚਾਰਿਤ ਕੀਤਾ ?ਾ ਰਿਹਾ ਹੈ, ਜੋ ਯਮੁਨਾ ਪੁਨਰਜੀਵਨ ਦੇ ਪ੍ਰਤੀ ਸੂਬਾ ਸਰਕਾਰ ਦੀ ਪ੍ਰਤੀਬੱਧਤਾ ਨੂੰ ਦਰਸ਼ਾਉਂਦਾ ਹੈ। ਪ੍ਰਦੂਸ਼ਣ ਪੱਧਰ ਨੂੰ ਲਗਾਤਾਰ ਕੰਟਰੋਲ ਰੱਖਣ ਲਈ ਸਾਰੇ ਨਾਲਿਆਂ ਦੇ ਪਾਣੀ ਦੀ ਗੁਣਵੱਤਾ ਦੀ ਨਿਯਮਤ ਨਿਗਰਾਨੀ ਕੀਤੀ ਜਾ ਰਹੀ ਹੈ। ਮੁੱਖ ਸਕੱਤਰ ਨੇ ਨਿਰਦੇਸ਼ ਦਿੱਤੇ ਕਿ ਹਰ ਨਾਲੇ ਦੇ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮਿਲਾ ਕੇ ਡਿਵੀਜਨਲ ਕਮਿਸ਼ਨਰ ਦੀ ਅਗਵਾਈ ਵਿੱਚ ਵੱਖ-ਵੱਖ ਕਮੇਟੀਆਂ ਗਠਨ ਕੀਤੀਆਂ ਜਾਣ। ਇਹ ਕਮੇਟੀਆਂ ਹਰ 10 ਦਿਨ ਵਿੱਚ ਮੀਟਿੰਗ ਕਰੇਗੀ ਅਤੇ ਪ੍ਰਗਤੀ ਰਿਪੋਰਟ ਹਰਿਆਣਾ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੇਨ ਨੂੰ ਭੇਜੇਗੀ। ਮੀਟਿੰਗ ਵਿੱਚ ਇਹ ਵੀ ਦਸਿਆ ਗਿਆ ਕਿ ਸੂਬੇ ਨੇ ਯਮੁਨਾ ਕੈਚਮੈਂਟ ਏਰਿਆ ਵਿੱਚ ਸੀਵਰੇਜ ਸ਼ੋਧਨ ਸਮਰੱਥਾ ਵਿੱਚ ਵਿਆਪਕ ਵਿਸਤਾਰ ਕੀਤਾ ਹੈ। ਮੌਜੂਦਾ ਵਿੱਚ ਹਰਿਆਣਾ ਵਿੱਚ 90 ਸੀਵਰੇਜ ਟ ?ਰੀਟਮੈਂਟ ਪਲਾਂਟ ਸੰਚਾਲਿਤ ਹਨ, ਜਿਨ੍ਹਾਂ ਦੀ ਕੁੱਲ ਸਮਰੱਥਾ 1518 ਐਮਐਲਡੀ ਹੈ। ਇਸ ਤੋਂ ਇਲਾਵਾ, 107 ਐਮਐਲਡੀ ਸਮਰੱਥਾ ਦੇ ਚਾਰ ਨਵੇਂ ਪਲਾਂਟ ਨਿਰਮਾਣਧੀਨ ਹਨ, ਜਿਨ੍ਹਾਂ ਦੇ ਮਾਰਚ 2027 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, 227 ਐਮਐਲਡੀ ਸਮਰੱਥਾ ਦੇ ਨੌ ਪਲਾਂਟਾਂ ਦਾ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ 510 ਐਮਐਲਡੀ ਸਮਰੱਥਾ ਦੇ ਨੌ ਨਵੇਂ ਪਲਾਂਟ ਪ੍ਰਸਤਾਵਿਤ ਹਨ। ਉਦਯੋਗਿਕ ਵੇਸਟ ਪ੍ਰਬੰਧਨ ਵਿੱਚ ਵੀ ਵਰਨਣਯੋਗ ਸੁਧਾਰ ਹੋਇਆ ਹੈ। ਰਾਜ ਵਿੱਚ 184.5 ਐਮਐਲਡੀ ਸਮਰੱਥਾ ਦੇ 17 ਕਾਮਨ ਏਫਲੁਏਂਟ ਟ ?ਰੀਟਮੈਂਟ ਪਲਾਂਟ ਸੰਚਾਲਿਤ ਹਨ। ਦੋ ਪਲਾਂਟ ਅਪਗ੍ਰੇਡ ਕੀਤੇ ਜਾ ਰਹੇ ਹਨ ਅਤੇ 146 ਐਮਐਲਡੀ ਸਮਰੱਥਾ ਦੇ ਅੱਠ ਨਵੇਂ ਪਲਾਂਟ ਪ੍ਰਸਤਾਵਿਤ ਹਨ। ਜਿਆਦਾਤਰ ਵੱਡੀ ਉਦਯੋਗਿਕ ਇਕਾਈਆਂ ਇੰਨ੍ਹਾਂ ਪਲਾਂਟਾਂ ਨਾਲ ਜੁੜ ਚੁੱਕਾ ਹੈ ਅਤੇ ਉਨ੍ਹਾਂ ਨੇ ਖੁਦ ਦੇ ਪੱਧਰ 'ਤੇ ਵੇਸਟ ਸ਼ੋਧਨ ਪਲਾਂਟ ਸਥਾਪਿਤ ਕੀਤੇ ਹਨ, ਜਿਸ ਨਾਲ ਵਾਤਾਵਰਣ ਦੇ ਮਾਨਕਾਂ ਦਾ ਪਾਲਣ ਯਕੀਨੀ ਹੋ ਰਿਹਾ ਹੈ।

# ਸਰਦੀਆਂ 'ਚ ਘੱਟ ਜਾਂਦੀ ਹੈ ਬੱਚਿਆਂ ਦੀ ਇਮਊਨਿਟੀ !

ਹੈਲਥ ਡੈਸਕ- ਸਰਦੀਆਂ 'ਚ ਬੱਚਿਆਂ 'ਚ ਸਰਦੀ-ਜ਼ੁਕਾਮ ਦੇ ਮਾਮਲੇ ਤੇਜ਼ੀ ਨਾਲ ਵਧ ਜਾਂਦੇ ਹਨ।



ਠੰਢੀ ਅਤੇ ਸੁੱਕੀ ਹਵਾ 'ਚ ਵਾਇਰਸ ਲੰਮਾ ਸਮਾਂ ਜ਼ਿੰਦਾ ਰਹਿੰਦੇ ਹਨ, ਇਸ ਕਰਕੇ ਖ਼ਾਸ ਕਰਕੇ ਘਰਾਂ, ਸਕੂਲਾਂ ਅਤੇ ਡੇਅ ਕੇਅਰ 'ਚ ਇਨਫੈਕਸ਼ਨ ਤੇਜ਼ੀ ਨਾਲ ਫੈਲਦਾ ਹੈ। ਮਾਹਿਰ ਕਹਿੰਦੇ ਹਨ ਕਿ ਜੇ ਮਾਪੇ ਕੁਝ ਸੌਖੀਆਂ ਆਦਤਾਂ ਤੇ ਨਿਯਮਿਤ ਦੇਖਭਾਲ ਅਪਣਾਉਣ, ਤਾਂ ਬੱਚਿਆਂ ਨੂੰ ਬੀਮਾਰੀਆਂ ਤੋਂ ਕਾਫੀ ਹੱਦ ਤੱਕ ਬਚਾਇਆ ਜਾ ਸਕਦਾ ਹੈ।

1. ਰੋਜ਼ਾਨਾ ਸਫਾਈ ਦਾ ਰੂਟੀਨ ਬੱਚਿਆਂ ਨੂੰ ਸਕੂਲ ਤੋਂ ਆਉਣ ਦੇ ਬਾਅਦ, ਟਾਇਲਟ ਦੇ ਬਾਅਦ ਅਤੇ ਖਾਣੇ ਤੋਂ ਪਹਿਲਾਂ 20 ਸਕਿੰਟ ਤੱਕ ਸਾਬਣ ਨਾਲ ਹੱਥ ਧੋਣ ਦੀ ਆਦਤ ਪਾਓ। ਖੰਘ ਜਾਂ ਛਿੱਕ ਆਉਣ 'ਤੇ ਬੱਚੇ ਨੂੰ ਕੋਹਣੀ 'ਚ ਮੂੰਹ ਕਰਨ ਦੀ ਸਿੱਖ ਦਿਓ। ਘਰ 'ਚ ਤਾਜ਼ਾ ਹਵਾ ਲਈ ਰੋਜ਼ਾਨਾ ਸਵੇਰੇ 10 ਮਿੰਟ ਲਈ ਖਿੜਕੀਆਂ ਖੋਲ੍ਹੋ।

2. ਨੱਕ ਦੀ ਦੇਖਭਾਲ-ਸਕੂਲ ਜਾਣ ਤੋਂ ਪਹਿਲਾਂ ਅਤੇ ਸੌਣ ਤੋਂ ਪਹਿਲਾਂ 0.65 ਫੀਸਦੀ ਸਲਾਈਨ ਨੋਜ਼ ਸਪਰੇਅ ਦਿਓ, ਜੋ ਨੱਕ ਨੂੰ ਨਮ ਰੱਖਦਾ ਹੈ ਅਤੇ ਕਫ ਨੂੰ ਸਾਫ਼ ਕਰਦਾ ਹੈ। 6 ਸਾਲ ਤੋਂ ਵੱਡੇ ਬੱਚਿਆਂ ਨੂੰ 3-5 ਮਿੰਟ ਦੀ ਸਟੀਮ ਦੇ ਸਕਦੇ ਹੋ, ਪਰ ਛੋਟੇ ਬੱਚਿਆਂ ਲਈ ਇਹ ਖਤਰਨਾਕ ਹੋ ਸਕਦੀ ਹੈ।

3. ਪੂਰੀ ਨੀਂਦ-ਕੁਦਰਤੀ ਇਮਿਊਨ ਬੂਸਟਰ-3-5 ਸਾਲ ਦੇ ਬੱਚਿਆਂ ਨੂੰ 10-13 ਘੰਟੇ, 6-12 ਸਾਲ ਦੇ ਬੱਚਿਆਂ ਨੂੰ 9-12 ਘੰਟੇ ਅਤੇ ਟੀਨਏਜਰ ਨੂੰ 8-10 ਘੰਟੇ ਨੀਂਦ ਲੋੜੀਂਦੀ ਹੈ। ਸੌਣ ਤੋਂ 30 ਮਿੰਟ ਪਹਿਲਾਂ ਸਕਰੀਨ ਬੰਦ ਕਰੋ ਅਤੇ ਸਵੇਰੇ 10 ਮਿੰਟ ਧੁੱਪ ਲੈਣ ਨਾਲ ਬੱਚਿਆਂ ਦੀ ਬਾਡੀ ਕਲਾਕ ਸਥਿਰ ਰਹਿੰਦੀ ਹੈ।

4. ਖਾਣਾ- ਬੀਮਾਰੀਆਂ ਤੋਂ ਪਹਿਲੀ ਸੁਰੱਖਿਆ-ਹਰ ਭੋਜਨ 'ਚ ਪ੍ਰੋਟੀਨ, ਰੰਗ-ਬਿਰੰਗੀਆਂ ਸਬਜ਼ੀਆਂ ਅਤੇ ਗਰਮ ਲਿਕਵਿਡ ਸ਼ਾਮਲ ਕਰੋ। ਆਂਡਾ, ਦਾਲਾਂ, ਦਹੀਂ, ਪਨੀਰ/ਟੋਫੂ ਬਿਹਤਰ ਪ੍ਰੋਟੀਨ ਸਰੋਤ ਹਨ। ਅਮਰੂਦ, ਆਂਵਲਾ, ਸੰਤਰਾ, ਸ਼ਿਮਲਾ ਮਿਰਚ ਅਤੇ ਟਮਾਟਰ ਵਿਟਾਮਿਨ 3 ਲਈ ਫਾਇਦੇਮੰਦ ਹਨ। ਜ਼ਿੰਕ ਲਈ ਭੁੰਨੇ ਛੋਲੇ ਅਤੇ ਕੱਦੂ ਦੇ ਬੀਜ ਦਿਓ। ਗਰਮ ਸੂਪ, ਕਾੜ੍ਹਾ, ਨਿੰਬੂ-ਅਦਰਕ ਵੀ ਮਦਦਗਾਰ ਹਨ। ਸਰਦੀਆਂ 'ਚ ਬੱਚੇ ਪਾਣੀ ਘੱਟ ਪੀਂਦੇ ਹਨ, ਇਸ ਲਈ ਪਾਣੀ ਦਾ ਰੂਟੀਨ ਬਣਾਓ।

5. ਐਕਟੀਵਿਟੀ ਅਤੇ ਕੱਪੜੇ

ਰੋਜ਼ 30-45 ਮਿੰਟ ਬੱਚਾ ਖੇਡੇ—ਜੇ ਬਾਹਰਲਾ ਹਵਾ ਗੁਣਵੱਤਾ ਨਾਰਮਲ ਹੋਵੇ ਤਾਂ ਆਊਟਡੋਰ ਖੇਡ, ਨਹੀਂ ਤਾਂ ਇਨਡੋਰ ਗਤੀਵਿਧੀਆਂ, ਸਕਿੱਪਿੰਗ ਜਾਂ ਯੋਗਾ। ਛਾਤੀ, ਗਰਦਨ ਅਤੇ ਕੰਨ ਗਰਮ ਰੱਖੋ ਅਤੇ ਬਹੁਤ ਭਾਰੀ ਕੱਪੜਿਆਂ ਤੋਂ ਬਚੋ ਜੋ ਪਸੀਨਾ ਲਿਆ ਕੇ ਬੱਚੇ ਨੂੰ ਠੰਡ ਲਗਵਾ ਸਕਦੇ ਹਨ।

6. ਦਵਾਈਆਂ ਸਮਝਦਾਰੀ ਨਾਲ ਦਿਓ-ਸਧਾਰਨ ਸਰਦੀ-ਜ਼ੁਕਾਮ 'ਚ ਐਂਟੀਬਾਇਓਟਿਕ ਨਾ ਦਿਓ। ਬਚੇ ਹੋਏ ਸਿਰਪ ਕਦੇ ਵੀ ਮੁੜ ਨਾ ਵਰਤੋਂ। ਬੁਖਾਰ 'ਚ ਬੱਚੇ ਨੂੰ ਜ਼ਿਆਦਾ ਲਿਕਵਿਡ ਦਿਓ ਅਤੇ ਹਲਕੇ ਕੱਪੜੇ ਪਵਾਓ। ਪੈਰਾਸਿਟਾਮੋਲ ਜਾਂ ਆਈਬੂਪ੍ਰੋਫ਼ਨ ਸਿਰਫ਼ ਡਾਕਟਰ ਦੀ ਸਲਾਹ ਨਾਲ ਹੀ ਦਿਓ। ਜੇ ਸਾਹ ਲੈਣ 'ਚ ਮੁਸ਼ਕਲ, ਤੇਜ਼ ਬੁਖਾਰ, ਕੰਨ 'ਚ ਦਰਦ ਜਾਂ ਬੱਚੇ ਦਾ ਰਵੱਈਆ ਅਸਧਾਰਨ ਹੋਵੇ ਤਾਂ ਤੁਰੰਤ ਡਾਕਟਰ ਨੂੰ ਦਿਖਾਓ।

# ਸੁਆਣੀ ਅਤੇ ਸਾਗ

ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ ਪੰਜਾਬੀਆਂ ਦੀ ਪਹਿਲੀ ਪਸੰਦ ਹੈ। ਸਰਦੀਆਂ ਵਿੱਚ ਇਹ ਆਮ ਹੀ ਹਰ ਘਰ ਵਿੱਚ ਬਣਿਆ ਹੁੰਦਾ ਹੈ। ਮੱਕੀ ਦੀ ਰੋਟੀ ਨਾਲ ਖਾਧੇ ਸਾਗ ਤੇ ਨਾਲ ਪੀਤੀ ਲੱਸੀ ਦਾ ਸੁਆਦ ਹੀ ਵੱਖਰਾ ਹੈ। ਇਸ ਸੁਆਦ ਨੂੰ ਮਾਣਨ ਲਈ ਪੰਜਾਬਣਾਂ ਸਾਗ ਨੂੰ ਬਹੁਤ ਮਿਹਨਤ ਅਤੇ ਸਲੀਕੇ ਨਾਲ ਬਣਾਉਂਦੀਆਂ ਹਨ। ਪੰਜਾਬਣਾਂ ਜਾਣਦੀਆਂ ਹਨ ਕਿ ਸਾਗ ਬਣਾਉਣਾ ਵੀ ਇੱਕ ਕਲਾ ਹੈ ਅਤੇ ਇਸ ਵਿੱਚ ਉਨ੍ਹਾਂ ਦਾ ਨਿਪੁੰਨ ਹੋਣਾ ਲਾਜ਼ਮੀ ਹੈ।

ਸਾਗ ਬਣਾਉਣਾ ਕਈ ਪ੍ਰਕਿਰਿਆਵਾਂ ਵਿੱਚੋਂ ਲੰਘਦਾ ਹੈ। ਸਭ ਤੋਂ ਪਹਿਲਾਂ ਘਰ ਦੀਆਂ ਸੁਆਣੀਆਂ ਨੂੰ ਖੇਤਾਂ ਵਿੱਚੋਂ ਸਾਗ ਤੋੜ ਕੇ ਲਿਆਉਣਾ ਪੈਂਦਾ ਹੈ। ਇਹ ਆਮ ਹੀ ਕਿਹਾ ਜਾਂਦਾ ਸੀ ਕਿ ਪਿੰਡਾਂ ਦੀਆਂ ਮੁਟਿਆਰਾਂ ਸਾਗ ਤੋੜਨ ਦੀ ਕਲਾ ਵਿੱਚ ਬਹੁਤ ਮਾਹਿਰ ਹਨ। ਪੰਜਾਬੀ ਸੱਭਿਆਚਾਰ ਵਿੱਚ ਅਨੇਕਾਂ ਗੀਤ, ਲੋਕ ਗੀਤ, ਕਹਾਣੀਆਂ, ਚੁਟਕਲੇ ਅਤੇ ਕਹਾਵਤਾਂ ਸਾਗ ਤੋੜਨ ਨਾਲ ਜੁੜੀਆਂ ਹੋਈਆਂ ਹਨ। ਇੱਕ ਗੀਤ ਹੈ;ਸਰ੍ਹੋਂ ਦੇ ਖੇਤਾਂ ਵਿੱਚ ਨਰਮ ਨਰਮ ਸਰ੍ਹੋਂ ਦੀਆਂ ਗੰਦਲਾਂ ਦੀ ਤੁਲਨਾ ਪੰਜਾਬੀ ਮੁਟਿਆਰ ਨਾਲ ਕੀਤੀ ਜਾਂਦੀ ਸੀ। ਇਸ ਤਰ੍ਹਾਂ ਕੁੜੀਆਂ ਦਾ ਵੀ ਖੇਤਾਂ ਵਿੱਚ ਜਾ ਕੇ ਤਾਜ਼ਾ ਸਾਗ ਤੋੜਨ ਵਿੱਚ ਬੜਾ ਮਨ ਲੱਗਦਾ ਸੀ ਅਤੇ ਉਹ ਵੱਖਰੇ ਹੀ ਅੰਦਾਜ਼ ਨਾਲ ਸਰ੍ਹੋਂ ਦਾ ਸਾਗ ਤੋੜਦੀਆਂ ਸਨ। ਕੁੜੀਆਂ/ਔਰਤਾਂ ਇਕੱਠੀਆਂ ਹੋ ਕੇ ਖੇਤੋਂ ਸਾਗ ਤੋੜਨ ਜਾਂਦੀਆਂ ਹੁੰਦੀਆਂ ਸਨ। ਜਦੋਂ ਸਰ੍ਹੋਂ ਨੂੰ ਪੀਲੇ ਫੁੱਲ ਨਿਕਲਦੇ ਤਾਂ ਮੁਟਿਆਰਾਂ ਉੱਤੇ ਵੀ ਰੰਗ ਦਾ ਨਵਾਂ ਨਿਖਾਰ ਆ ਜਾਂਦਾ ਅਤੇ ਅਕਸਰ ਉਹ ਕਹਿੰਦੀਆਂ ਸੁਣੀਆਂ ਜਾਂਦੀਆਂ;

ਤੇਰੇ ਖੇਤ ਦੀ ਸਰ੍ਹੋਂ ਬਣ ਜਾਵਾਂ
ਚੁੰਨੀ ਲੈ ਕੇ ਪੀਲੇ ਰੰਗ ਦੀ

ਇਸੇ ਤਰ੍ਹਾਂ ਸਾਗ ਨੂੰ ਤੋੜਨ ਤੋਂ ਬਾਅਦ ਘਰ ਲਿਆ ਕੇ ਚੁਗਣਾ ਅਤੇ ਫਿਰ ਦਾਤੀ ਨਾਲ ਚੀਰ ਕੇ ਬਾਰੀਕ ਬਣਾ ਕੇ ਮਿੱਟੀ ਦੀ ਤੌੜੀ ਵਿੱਚ ਚੁੱਲ੍ਹੇ ਸਾਗ ਧਰਨਾ ਬਹੁਤ ਹੀ ਮਿਹਨਤ, ਸਿਦਕ ਅਤੇ ਸਲੀਕੇ ਦਾ ਕੰਮ ਹੁੰਦਾ ਹੈ ਜੋ ਸਾਡੇ ਘਰਾਂ ਦੀ ਸੁਆਣੀਆਂ ਸਦੀਆਂ ਤੋਂ ਕਰਦੀਆਂ ਆ ਰਹੀਆਂ ਹਨ। ਪਿੰਡਾਂ ਵਿੱਚ ਤਾਂ ਸਾਗ ਬਣਾਉਣਾ ਕਿਸੇ ਵੀ ਔਰਤ ਦਾ ਹੁਨਰ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਪੁਰਾਣੇ ਸਮੇਂ ਵਿੱਚ ਜਦੋਂ ਕਦੇ ਕੁੜੀਆਂ ਦੇ ਵਿਆਹ ਲਈ ਕੋਈ ਰਿਸ਼ਤੇ ਲਈ ਦੇਖਣ ਆਉਂਦਾ ਸੀ ਤਾਂ ਕੁੜੀ ਦੀ ਮਾਂ ਬਹੁਤ ਹੀ ਮਾਣ ਨਾਲ ਕਹਿੰਦੀ ਸੀ ਕਿ ਸਾਡੀ ਕੁੜੀ ਤਾਂ ਸਾਗ ਵੀ ਬਹੁਤ ਸੁਆਦ ਬਣਾਉਂਦੀ ਹੈ ਅਤੇ ਮੱਕੀ ਦੀ ਰੋਟੀ ਵੀ ਬਣਾ ਲੈਂਦੀ ਹੈ। ਇਸ ਗੱਲ ਤੋਂ ਹੀ ਪੰਜਾਬੀ ਸੱਭਿਆਚਾਰ ਦੀ ਅਨੂਠੀ ਪਛਾਣ ਹੋ ਜਾਂਦੀ ਹੈ। ਸਾਗ ਨੂੰ ਬਹੁਤ ਲੰਬੇ ਸਮੇਂ ਲਈ ਚੁੱਲ੍ਹੇ ਉੱਪਰ ਤੌੜੀ ਵਿੱਚ ਰਿੰਨ੍ਹਿਆ ਜਾਂਦਾ ਹੈ ਅਤੇ ਲੋੜ ਅਨੁਸਾਰ ਉਸ ਵਿੱਚ ਨਮਕ, ਮਿਰਚਾ ਪਾਈਆਂ ਜਾਂਦੀਆਂ ਹਨ। ਹਰੀਆਂ ਮਿਰਚਾਂ ਸਾਗ ਨੂੰ ਹੋਰ ਵੀ ਸੁਆਦ ਬਣਾ ਦਿੰਦੀਆਂ ਹਨ। ਇੱਥੇ ਹੀ ਬਸ ਨਹੀਂ ਸਾਗ ਦੇ ਚੰਗੀ ਤਰ੍ਹਾਂ ਰਿੰਨ੍ਹੇ ਜਾਣ 'ਤੇ ਸੁਆਣੀ ਵੱਲੋਂ ਉਸ ਵਿੱਚ ਮੱਕੀ ਦੇ ਆਟੇ ਦਾ ਆਲਣ ਪਾ ਕੇ ਉਸ ਨੂੰ




ਖ਼ੂਬ ਘੋਟਿਆ ਜਾਂਦਾ ਹੈ। ਸਾਗ ਘੋਟਣਾ ਵੀ ਇੱਕ ਨਿਰਾਲੀ ਕਲਾ ਹੈ, ਜਿੰਨਾ ਸਾਗ ਵਧੀਆ ਘੋਟਿਆ ਜਾਵੇ, ਓਨਾ ਹੀ ਉਹ ਵੱਧ ਸੁਆਦ ਬਣਦਾ ਹੈ ਅਤੇ ਇਸ ਦੀ ਕਲਾ ਕੇਵਲ ਘਰ ਦੀਆਂ ਸੁਆਣੀਆਂ ਕੋਲ ਹੀ ਹੁੰਦੀ ਹੈ। ਸਾਗ ਬਣਨ ਤੋਂ ਬਾਅਦ ਬਹੁਤ ਹੀ ਸਲੀਕੇ ਨਾਲ ਇਸ ਨੂੰ ਮੱਕੀ ਦੀ ਰੋਟੀ ਨਾਲ ਮੱਖਣ ਪਾ ਕੇ ਘਰ ਦੀ ਬਣਾਈ ਲੱਸੀ ਨਾਲ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਵਰਤਾਇਆ ਜਾਂਦਾ ਹੈ।

ਅੱਜਕੱਲ੍ਹ ਦੇ ਜ਼ਮਾਨੇ ਵਿੱਚ ਉਹ ਪੁਰਾਣੀਆਂ ਸਾਗ ਬਣਾਉਣ ਦੀਆਂ ਸਾਡੀਆਂ ਬਜ਼ੁਰਗ ਸੁਆਣੀਆਂ ਵਾਲੀਆਂ ਵਿਧੀਆਂ ਖ਼ਤਮ ਹੀ ਹੋ ਗਈਆਂ ਹਨ। ਸਾਗ ਵੀ ਮਿੱਟੀ ਦੀ ਤੌੜੀ ਦੀ ਥਾਂ ਕੂਕਰਾਂ ਵਿੱਚ ਬਣਨ ਲੱਗੇ ਹਨ। ਜਦੋਂ ਕੂਕਰ ਸੀਟੀ ਮਾਰਦਾ ਹੈ ਤਾਂ ਔਰਤਾਂ ਇਹ ਸਮਝ ਲੈਂਦੀਆਂ ਹਨ ਕਿ ਸਾਗ ਬਣ ਗਿਆ ਹੈ, ਉਹ ਪਹਿਲਾਂ ਵਾਲੀ ਮਿਹਨਤ, ਪੁਰਾਣੇ ਢੰਗ ਅਤੇ ਸਾਗ ਦੇ ਘੋਟਣੇ ਤੋਂ ਟਾਲਾ ਵੱਟਣ ਲੱਗੀਆਂ ਹਨ। ਹੁਣ ਸਾਗ ਨੂੰ ਨਾ ਤਾਂ ਪਹਿਲਾਂ ਵਾਂਗ ਕੱਟਿਆ ਜਾਂਦਾ ਹੈ ਅਤੇ ਨਾ ਹੀ ਘੋਟਿਆ ਜਾਂਦਾ ਹੈ। ਜਿੱਥੇ ਪਹਿਲਾਂ ਸਾਗ ਚੁੱਲ੍ਹੇ ਦੀ ਮੱਠੀ-ਮੱਠੀ ਅੱਗ ਵਿੱਚ ਘੰਟਿਆਂ ਬੱਧੀ ਰਿੱਝਦਾ ਰਹਿੰਦਾ ਸੀ, ਉੱਥੇ ਹੁਣ ਇਹ ਕੂਕਰ ਵਿੱਚ ਝਟਪਟ ਤਿਆਰ ਹੋ ਜਾਂਦਾ ਹੈ। ਘੋਟਣ ਦੇ ਨਾਂ 'ਤੇ ਇਸ ਨੂੰ ਮਿਕਸੀ ਵਿੱਚ ਪਾ ਕੇ ਸਕਿੰਟਾਂ ਵਿੱਚ ਤਿਆਰ ਕਰ ਲਿਆ ਜਾਂਦਾ ਹੈ। ਬੇਸ਼ੱਕ ਹੁਣ ਸਾਗ ਬਣਾਉਣ ਦੀ ਪ੍ਰਕਿਰਿਆ ਬਹੁਤ ਘੱਟ ਸਮੇਂ ਦੀ ਰਹਿ ਗਈ ਹੈ, ਪਰ ਸਾਗ ਦਾ ਪਹਿਲਾਂ ਵਾਲਾ ਸੁਆਦ ਗਾਇਬ ਹੋ ਗਿਆ ਹੈ।

# ਮਹਿਲਾਵਾਂ, ਦੇਖਭਾਲ ਦਾ ਕੰਮ, ਅਤੇ ਆਰਥਿਕ ਵਿਕਾਸ OSH ਕੋਡ ਦੀ ਪਰਿਵਰਤਨਸ਼ੀਲ ਸੰਭਾਵਨਾ, 2020

ਸੁਸ਼੍ਰੀ ਰਚਨਾ ਮੇਹਰਾ



ਭਾਰਤ ਦੇ ਦੀਰਘਕਾਲੀ ਆਰਥਿਕ ਵਿਕਾਸ ਦੀ ਦਿਸ਼ਾ ਵਿੱਚ ਕਿਰਤ ਬਜ਼ਾਰ ਵਿੱਚ ਮਹਿਲਾਵਾਂ ਦੀ ਪੂਰਨ ਭਾਗੀਦਾਰੀ ਨਾਲ ਗਹਿਰਾਈ ਨਾਲ ਜੁੜੀ ਹੈ। ਜਿਵੇਂ-ਜਿਵੇਂ ਨੀਤੀ ਨਿਰਮਾਤਾ ਅਤੇ ਆਲਮੀ ਸੰਸਥਾਨ ਮਹਿਲਾਵਾਂ ਦੀ ਆਰਥਿਕ ਭਾਗੀਦਾਰੀ ਦੀ ਪਰਿਵਰਤਨਕਾਰੀ ਸਮਰੱਥਾ ਨੂੰ ਤੇਜ਼ੀ ਨਾਲ ਪਛਾਣਦੇ ਹਨ, ਦੇਸ਼ ਵਿੱਚ ਇਸ ਸਬੰਧ ਵਿੱਚ ਉਤਸ਼ਾਹਪੂਰਨ ਗਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ, ਅੰਤਰਰਾਸ਼ਟਰੀ ਕਿਰਤ ਸੰਗਠਨ (ਆਈਐੱਲਓ) ਦੇ ਅਨੁਸਾਰ, 2024 ਵਿੱਚ ਭਾਰਤ ਦੇ ਮਹਿਲਾ ਕਿਰਤ ਬਲ ਦੀ ਭਾਗੀਦਾਰੀ ਦਰ (ਐੱਲਐੱਫਪੀਆਰ) 32.8% ਸੀ- ਜੋ ਕਿ ਆਲਮੀ ਦਰ 48.9% ਅਤੇ ਪੂਰਬੀ ਏਸ਼ੀਆ ਦੀ 59.2% ਦੀ ਤੁਲਨਾ ਵਿੱਚ ਘੱਟ ਹੈ- ਫਿਰ ਵੀ ਹਾਲ ਦੇ ਵਰ੍ਹ?ਆਂ ਵਿੱਚ ਮਹਿਲਾਵਾਂ ਦੇ ਰੁਜ਼ਗਾਰ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ, ਜਿਸ ਦੀ ਪਹੁੰਚ ਗ੍ਰਾਮੀਣ ਅਤੇ ਸ਼ਹਿਰੀ ਦੋਵੇਂ ਖੇਤਰਾਂ ਤੱਕ ਹੈ। ਭਾਰਤ ਵਿੱਚ ਕਿਰਤ ਬਲ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਲੰਬੇ ਸਮੇਂ ਤੋਂ ਖਾਸ ਕਰਕੇ ਘਰੇਲੂ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਜਿਹੀਆਂ ਕਈ ਸਮਾਜਿਕ-ਆਰਥਿਕ ਅਤੇ ਸੱਭਿਆਚਾਰਕ ਰੁਕਾਵਟਾਂ ਕਾਰਨ ਪ੍ਰਭਾਵਿਤ ਹੋ ਰਹੀ ਹੈ। ਫਿਰ ਵੀ, ਹਾਲ ਵਿੱਚ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਨਾਲ ਇਸ ਦਿਸ਼ਾ ਵਿੱਚ ਸਕਾਰਾਤਮਕ ਬਦਲਾਅ ਦੇ ਸੰਕੇਤ ਮਿਲ ਰਹੇ ਹਨ।

ਕਾਰੋਬਾਰੀ ਸੁਰੱਖਿਆ, ਸਿਹਤ ਅਤੇ ਕੰਮਕਾਰ ਦੀਆਂ ਸਥਿਤੀਆਂ (ਓਐੱਸਐੱਚ) ਕੋਡ, 2020 ਸਮਾਵੇਸ਼ੀ ਵਿਕਾਸ ਦੀ ਦਿਸ਼ਾ ਵਿੱਚ ਭਾਰਤ ਦੀ ਯਾਤਰਾ ਵਿੱਚ ਇੱਕ ਮਹੱਤਵਪੂਰਨ ਉਪਲਬਧੀ ਹੈ। ਇਹ ਅਸੁਰੱਖਿਅਤ ਕਾਰਜ ਸਥਲਾਂ ਅਤੇ ਸੀਮਤ ਕਾਨੂੰਨੀ ਸੁਰੱਖਿਆ ਦਾ ਸਾਹਮਣਾ ਕਰਨ ਵਾਲੀਆਂ ਲੱਖਾਂ ਮਹਿਲਾਵਾਂ ਲਈ ਕੰਮਕਾਰ ਦੇ ਹਾਲਾਤ ਨੂੰ ਸੁਰੱਖਿਅਤ ਬਣਾ ਕੇ ਗਹਿਨ ਅਸਮਾਨਤਾਵਾਂ ਨੂੰ ਦੂਰ ਕਰਨ ਦਾ ਮਹੱਤਵਪੂਰਨ ਮੌਕਾ ਪ੍ਰਦਾਨ ਕਰਦੀ ਹੈ। ਓਐੱਸਐੱਚ ਕੋਡ ਸਿਹਤ, ਭਲਾਈ ਅਤੇ ਮਿਆਰੀ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਕੇ, ਨਾ ਸਿਰਫ਼ ਇੱਕ ਰੈਗੂਲੇਟਰੀ ਫ?ਰੇਮਵਰਕ ਦੇ ਰੂਪ ਵਿੱਚ ਕੰਮ ਕਰਦੀ ਹੈ, ਸਗੋਂ ਲੈਂਗਿਕ-ਸਮਾਨਤਾ 'ਤੇ ਅਧਾਰਿਤ ਵਿਸਤਾਰ ਦਾ ਉਤਪ੍ਰੇਰਕ ਵੀ ਬਣਦੀ ਹੈ।

ਆਲਮੀ ਅਨੁਭਵ ਇਹ ਦਰਸਾਉਂਦੇ ਹਨ ਕਿ ਕਾਰੋਬਾਰੀ ਸੁਰੱਖਿਆ ਅਤੇ ਲੈਂਗਿਕ ਦ੍ਰਿਸ਼ਟੀ ਪੱਖੋਂ ਸੰਵੇਦਨਸ਼ੀਲ ਸੁਧਾਰ ਕਾਰਜਬਲ ਵਿੱਚ ਭਾਗੀਦਾਰੀ ਨੂੰ ਵਧਾਉਂਦੇ ਹਨ। ਵੀਅਤਨਾਮ ਦੀ 2019 ਦੀ ਕਿਰਤ ਕੋਡ, ਜਿਸ ਵਿੱਚ ਮਾਤ੍ਰਿਤਵ ਸੰਭਾਲ ਅਤੇ ਕੰਮ ਵਾਲੀ ਥਾਂ 'ਤੇ ਸੁਰੱਖਿਆ ਨੂੰ ਵਿਸਤਾਰਿਤ ਕੀਤਾ ਗਿਆ ਸੀ, ਨੇ ਮਹਿਲਾਵਾਂ ਨੂੰ ਨੌਕਰੀ ਵਿੱਚ ਬਣੇ ਰਹਿਣ ਦੀ ਦਰ ਅਤੇ ਨਿਰਯਾਤ ਮੁਕਾਬਲੇਬਾਜ਼ੀ ਨੂੰ ਬਿਹਤਰ ਬਣਾਇਆ। ਇਸੇ ਤਰ੍ਹਾਂ, ਮਲੇਸ਼ੀਆ ਦੇ 2022 ਦੇ ਰੁਜ਼ਗਾਰ ਸੰਸ਼ੋਧਨਾਂ ਨੇ ਪ੍ਰਮੁੱਖ ਉਦਯੋਗਾਂ ਵਿੱਚ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਰਸਮੀ ਕੰਮਕਾਰ ਦੇ ਦਰਮਿਆਨ ਬਿਹਤਰ ਸੰਤੁਲਨ ਸਥਾਪਿਤ ਕਰਨ ਵਿੱਚ ਮਦਦ ਕੀਤੀ। ਇਹ ਉਦਾਹਰਣ ਭਾਰਤ ਨੂੰ ਮਹੱਤਵਪੂਰਨ ਸਿੱਖਿਆ ਪ੍ਰਦਾਨ ਕਰਦੇ ਹਨ। ਮੇਕ ਇਨ ਇੰਡੀਆ ਅਤੇ ਵਿਕਸਿਤ ਭਾਰਤ 2047 ਜਿਹੀਆਂ ਪਹਿਲਕਦਮੀਆਂ ਦੇ ਲਈ ਉਪਯੋਗੀ ਅਤੇ ਸਮਾਵੇਸ਼ੀ ਕਾਰਜਬਲ ਦੀ ਜ਼ਰੂਰਤ ਹੈ। ਓਐੱਸਐੱਚ ਕੋਡ ਦੀ ਸੁਰੱਖਿਆ ਕਮੇਟੀਆਂ, ਆਰਾਮ ਸਹੂਲਤਾਂ ਅਤੇ ਕਰੈੱਚ ਜਿਹੀਆਂ ਸਹੂਲਤਾਂ ਰੁਜ਼ਗਾਰ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਘਟਾ ਸਕਦੀਆਂ ਹਨ, ਜਦਕਿ ਇਸ ਦੀ ਸਰਵਵਿਆਪੀ ਵਰਤੋਂ ਯੋਗਤਾ ਅਸੁਰੱਖਿਅਤ ਅਤੇ ਅਸੰਗਠਿਤ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਦੀ ਹੈ।

ਭਾਰਤ ਵਿੱਚ ਮਹਿਲਾ ਕਿਰਤ ਬਲ ਦੀ ਭਾਗੀਦਾਰੀ ਦੀ ਸਥਿਤੀ

ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੁਆਰਾ ਕਰਵਾਏ ਗਏ ਪੀਰੀਓਡਿਕ ਲੇਬਰ ਫੋਰਸ ਸਰਵੇਖਣ (PLFS) 2023-24 ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਕਿਰਤ ਬਲ ਵਿੱਚ ਮਹਿਲਾਵਾਂ ਦੀ ਭਾਗੀਦਾਰੀ2023-24 ਵਿੱਚ ਵਧ ਕੇ 41.7% ਹੋ ਗਈ ਹੈ, ਜੋ ਕਿ 2017-18 ਵਿੱਚ 23.3% ਦੇ ਅੰਕੜਿਆਂ ਦੀ ਤੁਲਨਾ ਵਿੱਚ ਮਹੱਤਵਪੂਰਨ ਵਾਧੇ ਨੂੰ ਦਰਸਾਉਂਦੀ ਹੈ। ਇਸ ਮਹੱਤਵਪੂਰਨ ਪ੍ਰਗਤੀ ਦੇ ਬਾਵਜੂਦ- ਖਾਸ ਕਰਕੇ ਬਿਨਾ ਤਨਖਾਹ ਵਾਲੀਆਂ ਘਰੇਲੂ ਸੇਵਾਵਾਂ ਅਤੇ ਪਰਿਵਾਰਕ ਮੈਂਬਰਾਂ ਲਈ ਬਿਨਾ ਤਨਖਾਹ ਵਾਲੇ ਦੇਖਭਾਲ ਦੇ ਕੰਮਾਂ ਵਰਗੀਆਂ ਚੁਣੌਤੀਆਂ ਹਾਲੇ ਤੱਕ ਕਾਇਮ ਹਨ। ਉੱਚ ਸਿੱਖਿਆ ਵਿੱਚ ਵਧਦੀ ਮਹਿਲਾ ਨਾਮਾਂਕਨ ਦਰ ਸਮੇਤ ਮਹਿਲਾਵਾਂ ਦੀ ਸਿੱਖਿਆ ਵਿੱਚ ਮਹੱਤਵਪੂਰਨ ਸੁਧਾਰ



ਅਤੇ ਘਟ ਰਹੇ ਸਾਖ਼ਰਤਾ ਦੇ ਪਾੜੇ ਦੇ ਬਾਵਜੂਦ ਇਹ ਵਿਰੋਧਾਭਾਸ ਬਣਿਆ ਹੋਇਆ ਹੈ। ਇਸ ਰੁਝਾਨ ਨੂੰ ਅਕਸਰ ÷ਫੈਮਿਨਾਈਜ਼ੇਸ਼ਨ ਯੂ ਕਰਵ"(ਨਾਰੀਕਰਣ " ਕਰਵ) ਕਿਹਾ ਜਾਂਦਾ ਹੈ, ਜੋ ਦਰਸਾਉਂਦਾ ਹੈ ਕਿ ਆਰਥਿਕ ਤਬਦੀਲੀ ਦੌਰਾਨ ਭਾਗੀਦਾਰੀ ਪਹਿਲਾਂ ਘਟਦੀ ਹੈ ਅਤੇ ਫਿਰ ਦੁਬਾਰਾ ਵਧਦੀ ਹੈ। ਹਾਲਾਂਕਿ, ਭਾਰਤ ਦੇ ਸਾਹਮਣੇ ਇਹ ਜੋਖਮ ਹੈ ਕਿ ਉਹ ਇਸ ਰੁਝਾਨ ਦਾ ਅਪਵਾਦ ਬਣ ਸਕਦਾ ਹੈ; ਮਹਿਲਾਵਾਂ ਦੀ ਲਗਾਤਾਰ ਘੱਟ ਭਾਗੀਦਾਰੀ ਨਾ ਸਿਰਫ ਦੇਸ਼ ਦੀ ਮੱਧ-ਆਮਦਨ ਵਾਲੀ ਅਰਥਵਿਵਸਥਾ ਵਿੱਚ ਤਬਦੀਲੀ ਨੂੰ ਕਮਜ਼ੋਰ ਕਰ ਸਕਦੀ ਹੈ ਸਗੋਂ ਇਸ ਦੇ ਜਨਸੰਖਿਆ ਲਾਭਅੰਸ਼ ਨੂੰ ਵੀ ਸੀਮਤ ਕਰ ਸਕਦੀ ਹੈ।

**ਬਿਨਾ ਤਨਖਾਹ ਦੀ ਦੇਖਭਾਲ ਨਾਲ ਸਬੰਧਿਤ ਕੰਮ ਦੀ ਭੂਮਿਕਾ**

ਆਰਥਿਕ ਭਾਗੀਦਾਰੀ ਵਿੱਚ ਇੱਕ ਮੁੱਖ ਰੁਕਾਵਟ ਬਿਨਾ ਤਨਖਾਹ ਦੀ ਦੇਖਭਾਲ ਨਾਲ ਸਬੰਧਿਤ ਕੰਮ ਦਾ ਅਸਮਾਨ ਬੋਝ ਹੈ। ਰਾਸ਼ਟਰੀ ਅੰਕੜਾ ਦਫ਼ਤਰ (ਐੱਨਐੱਸਓ) ਦੇ ਟਾਈਮ ਯੂਜ਼ ਸਰਵੇ (2024) ਦੇ ਅਨੁਸਾਰ, ਭਾਰਤੀ ਮਹਿਲਾਵਾਂ ਹਰ ਰੋਜ਼ 2 ਘੰਟੇ 17 ਮਿੰਟ ਬਿਨਾ ਤਨਖਾਹ ਦੀ ਦੇਖਭਾਲ ਨਾਲ ਸਬੰਧਿਤ ਸੇਵਾਵਾਂ ਵਿੱਚ ਬਤੀਤ ਕਰਦੀਆਂ ਹਨ, ਜਦਕਿ ਪੁਰਸ਼ਾਂ ਦਾ ਔਸਤ ਸਮਾਂ 1 ਘੰਟੇ 15 ਮਿੰਟ ਹੈ। ਆਲਮੀ ਪੱਧਰ 'ਤੇ ਮਹਿਲਾਵਾਂ ਬਿਨਾ ਤਨਖਾਹ ਦੇ ਦੇਖਭਾਲ ਨਾਲ ਸਬੰਧਿਤ ਕੰਮ ਦਾ ਲਗਭਗ 76% ਹਿੱਸਾ ਕਰਦੀਆਂ ਹਨ, ਪਰ ਭਾਰਤ ਵਿੱਚ ਮੁੱਖ ਤੌਰ 'ਤੇ ਨਾਕਾਫ਼ੀ ਬਾਲ ਦੇਖਭਾਲ ਬੁਨਿਆਦੀ ਢਾਂਚੇ ਅਤੇ ਸੱਭਿਆਚਾਰਕ ਉਮੀਦਾਂ ਦੇ ਕਾਰਨ ਇਹ ਬੋਝ ਹੋਰ ਵੀ ਜ਼ਿਆਦਾ ਹੈ- ਭਾਰਤ ਜੀਡੀਪੀ ਦਾ 15-17% ਦੇ ਬਰਾਬਰ ਅਹਿਮੀਅਤ ਰੱਖਣ ਵਾਲਾ ਇਹ ਬਿਨਾ ਤਨਖਾਹ ਦੀ ਕਿਰਤ ਰਸਮੀ ਅੰਕੜਿਆਂ ਵਿੱਚ ਅੱਜ ਵੀ ਅਦਿੱਖ ਬਣਿਆ ਹੋਇਆ ਹੈ।

ਇਹ ਅਸਮਾਨਤਾ ਕਈ ਮਹਿਲਾਵਾਂ ਨੂੰ ਨੌਕਰੀ ਦੇ ਮੌਕੇ ਠੁਕਰਾਉਣ ਜਾਂ ਘਰ ਦੇ ਨੇੜੇ ਘੱਟ ਤਨਖਾਹ ਵਾਲੇ ਗੈਰ-ਰਸਮੀ ਕੰਮ ਨੂੰ ਸਵੀਕਾਰ ਕਰਨ ਲਈ ਮਜ਼ਬੂਰ ਕਰਦੀ ਹੈ। ਇਸ ਤੋਂ ਇਲਾਵਾ, ਮਾਤ੍ਰਿਤਵ ਅਤੇ ਦੇਖਭਾਲ ਸਬੰਧੀ ਜ਼ਿੰਮੇਵਾਰੀਆਂ ਦੇ ਕਾਰਨ ਕਰੀਅਰ ਵਿੱਚ ਆਉਣ ਵਾਲੀ ਰੁਕਾਵਟ ਜੀਵਨ ਭਰ ਦੀ ਆਮਦਨ ਨੂੰ ਘਟਾ ਦਿੰਦੇ ਹਨ, ਜਿਸ ਨਾਲ ਇੱਕ ਸਥਾਈ 'ਕੇਅਰ ਪੈਨਲਟੀ' ਪੈਦਾ ਹੁੰਦੀ ਹੈ, ਜੋ ਲੰਬੇ ਸਮੇਂ ਦੇ ਆਰਥਿਕ ਸਸ਼ਕਤੀਕਰਣ ਨੂੰ ਸੀਮਤ ਕਰ ਦਿੰਦੀ ਹੈ।

**ਓਐੱਸਐੱਚ ਕਿਰਤ ਕੋਡ ਦੀ ਪਰਿਵਰਤਨਸ਼ੀਲ ਸਮਰੱਥਾ**

ਓਐੱਸਐੱਚ ਕੋਡ, 2020-10 ਜਾਂ ਉਸ ਤੋਂ ਵੱਧ ਕਾਮਿਆਂ ਵਾਲੇ ਸਾਰੇ ਅਦਾਰਿਆਂ ਲਈ ਸੁਰੱਖਿਆ ਉਪਬੰਧਾਂ ਨੂੰ ਮਿਆਰੀ ਬਣਾਉਂਦੇ ਹੋਏ 13 ਕਿਰਤ ਕਾਨੂੰਨਾਂ ਨੂੰ ਏਕੀਕ੍ਰਿਤ ਕਰਦੀ ਹੈ। ਇਹ ਰੁਜ਼ਗਾਰ ਅਤੇ ਦੇਖਭਾਲ ਨਾਲ ਸਬੰਧਿਤ ਕੰਮ ਦੇ ਦਰਮਿਆਨ ਆਉਣ ਵਾਲੀਆਂ ਰੁਕਾਵਟਾਂ ਨੂੰ ਸਿੱਧੇ ਤੌਰ 'ਤੇ ਦੂਰ ਕਰਦੀ ਹੈ। ਮਾਤ੍ਰਿਤਵ ਲਾਭ (ਸੋਧ) ਐਕਟ, 2017 ਦੇ ਅਨੁਸਾਰ, ਇਹ ਕੋਡ ਮਾਤ੍ਰਿਤਵ ਅਧਿਕਾਰਾਂ 'ਤੇ ਜ਼ੋਰ ਦਿੰਦੀ ਹੈ ਅਤੇ ਕੰਮ ਵਾਲੀ ਥਾਂ 'ਤੇ ਮਹਿਲਾਵਾਂ ਦਾ ਬਣੇ ਰਹਿਣਾ ਸੁਵਿਧਾਜਨਕ ਬਣਾਉਣ ਲਈ ਨਰਸਿੰਗ ਬ੍ਰੇਕ ਨੂੰ ਯਕੀਨੀ ਬਣਾਉਂਦੀ ਹੈ।

ਮਹੱਤਵਪੂਰਨ ਤੌਰ 'ਤੇ, ਇਹ ਕੋਡ ਨਿਰਧਾਰਿਤ ਅਤੇ ਅਸੰਗਠਿਤ ਕਾਮਿਆਂ ਨੂੰ ਇੱਕ ਸਮਾਨ ਸੁਰੱਖਿਆ ਢਾਂਚੇ ਦੇ ਅਧੀਨ ਲਿਆ ਕੇ ਗੈਰ-ਰਸਮੀ ਖੇਤਰ ਵਿੱਚ ਸਮਾਨਤਾ ਨੂੰ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਉਸਾਰੀ, ਖੇਤੀਬਾੜੀ ਅਤੇ ਘਰੇਲੂ ਕੰਮ ਵਰਗੇ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਨੂੰ ਲਾਭ ਮਿਲਦਾ ਹੈ। ਭਰਤੀ ਅਤੇ ਕੰਮ ਕਰਨ ਦੀਆਂ ਸਥਿਤੀਆਂ ਵਿੱਚ ਭੇਦਭਾਵ ਤੋਂ ਬਿਨਾ ਵਿਵਸਥਾ ਨੂੰ ਲਾਜ਼ਮੀ ਬਣਾ ਕੇ, ਇਹ ਕਾਰਜ ਸਥਾਨਾਂ ਨੂੰ ਵਧੇਰੇ ਸੁਰੱਖਿਅਤ ਅਤੇ ਲਿੰਗ ਚੁਣੌਤੀਆਂ ਪ੍ਰਤੀ ਵਧੇਰੇ ਜਵਾਬਦੇਹ ਬਣਾਉਂਦਾ ਹੈ ਜਿਨ੍ਹਾਂ ਕਾਰਨ ਇਤਿਹਾਸਕ ਤੌਰ 'ਤੇ ਮਹਿਲਾਵਾਂ ਨੂੰ ਕਾਰਜਬਲ ਤੋਂ ਬਾਹਰ ਰੱਖਿਆ ਜਾਂਦਾ ਰਿਹਾ।

**ਆਲਮੀ ਤੁਲਨਾ ਅਤੇ ਸਬਕ**

ਹੋਰ ਖੇਤਰਾਂ ਦੇ ਅਨੁਭਵ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਲੈਂਗਿਕ-ਸੰਵੇਦਨਸ਼ੀਲ ਓਐੱਸਐੱਚ ਢਾਂਚੇ ਬਦਲਾਅ ਦਾ ਇੱਕ ਸ਼ਕਤੀਸ਼ਾਲੀ ਸਾਧਨ ਹੈ। ਸਵੀਡਨ ਅਤੇ ਆਇਸਲੈਂਡ ਵਿੱਚ, ਕਾਰਜ ਸਥਾਨ ਸੁਰੱਖਿਅਤ, ਸਬਸਿਡੀ ਵਾਲੀ ਬਾਲ ਦੇਖਭਾਲ ਅਤੇ ਮਾਤਾ-ਪਿਤਾ ਦੀਆਂ ਛੁੱਟੀਆਂ ਨੂੰ ਏਕੀਕ੍ਰਿਤ ਕਰਨ ਵਾਲੇ ਸਮਾਜਿਕ ਸੁਰੱਖਿਅਤ ਢਾਂਚੇ ਰਾਹੀਂ ਕਿਰਤ ਬਲ ਵਿੱਚ ਮਹਿਲਾਵਾਂ ਦੀ 70 ਪ੍ਰਤੀਸ਼ਤ ਤੋਂ ਵੱਧ ਭਾਗੀਦਾਰੀ ਦਰ ਹਾਸਲ ਕੀਤੀ ਗਈ ਹੈ। ਜਾਪਾਨ ਅਤੇ ਦੱਖਣ ਕੋਰੀਆ ਵਿੱਚ, ਕਾਰਜ ਸਥਲ ਸੁਰੱਖਿਅਤ ਅਤੇ ਕ੍ਰੇਚ ਸੁਵਿਧਾਵਾਂ ਦਾ ਵਿਸਥਾਰ ਕਰਕੇ ਮਹਿਲਾਵਾਂ ਦੀ ਐੱਲਐੱਫਪੀਆਰ ਹੌਲੀ- ਹੌਲੀ ਸੁਧਾਰੀ ਜਾ ਰਹੀ ਹੈ।

ਉਪ-ਸਹਾਰਾ ਅਫਰੀਕਾ ਵਿੱਚ, ਖੇਤੀਬਾੜੀ ਖੇਤਰ ਵਿੱਚ ਕਾਨੂੰਨੀ ਸੁਰੱਖਿਆ ਨੇ ਮਹਿਲਾਵਾਂ ਦੀ ਭਾਗੀਦਾਰੀ ਨੂੰ 70% ਤੱਕ ਵਧਾਉਣ ਵਿੱਚ ਮਦਦ ਕੀਤੀ ਹੈ। ਲਾਤੀਨੀ ਅਮਰੀਕੀ ਉਦਾਹਰਣਾਂ, ਜਿਵੇਂ ਕਿ ਚਿਲੀ ਅਤੇ ਉਰੂਗਵੇ, ਦਰਸਾਉਂਦੀਆਂ ਹਨ ਕਿ ਸਰਕਾਰ ਦੁਆਰਾ ਫੰਡ ਪ੍ਰਾਪਤ ਬਾਲ ਦੇਖਭਾਲ ਮਹਿਲਾਵਾਂ ਦੇ ਰੁਜ਼ਗਾਰ ਨੂੰ ਵਧਾਉਂਦੀ ਹੈ, ਜਦਕਿ ਬੱਚਿਆਂ ਦੇ ਵਿਕਾਸ 'ਤੇ ਕੋਈ ਨਕਾਰਾਤਮਕ ਪ੍ਰਭਾਵ ਵੀ ਨਹੀਂ ਪੈਂਦਾ। ਭਾਰਤ ਲਈ, ਇਹ ਉਦਾਹਰਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਓਐੱਸਐੱਚ ਸੁਰੱਖਿਆ ਉਪਾਵਾਂ ਨੂੰ ਦੇਖਭਾਲ ਸਬੰਧੀ ਬੁਨਿਆਦੀ ਢਾਂਚੇ ਵਿੱਚ ਨਿਵੇਸ਼ਾਂ ਨਾਲ ਪਰਿਵਰਤਨਸ਼ੀਲ ਨਤੀਜੇ ਸਾਹਮਣੇ ਲਿਆਵੇਗਾ।

**ਮਹਿਲਾਵਾਂ ਦੇ ਸਮਾਵੇਸ਼ ਲਈ ਆਰਥਿਕ ਤਰਕ**

ਮਹਿਲਾਵਾਂ ਦੀ ਹਿੱਸੇਦਾਰੀ ਨੂੰ ਤਰਜੀਹ ਦੇਣਾ ਇੱਕ ਵਿਆਪਕ ਆਰਥਿਕ ਜ਼ਰੂਰਤ ਹੈ। ਮੈਕਿੰਸੀ ਗਲੋਬਲ ਇੰਸਟਿਊਟ ਦਾ ਅਨੁਮਾਨ ਹੈ ਕਿ ਲੈਂਗਿਕ ਪਾੜੇ ਨੂੰ ਪੂਰਾ ਕਰਨ ਨਾਲ 2025 ਤੱਕ ਗਲੋਬਲ ਜੀਡੀਪੀ ਵਿੱਚ 12 ਟ੍ਰਿਲੀਅਨ ਡਾਲਰ ਦਾ ਵਾਧਾ ਹੋ ਸਕਦਾ ਹੈ, ਜਿਸ ਨਾਲ ਭਾਰਤ ਨੂੰ ਲਗਭਗ 770 ਬਿਲੀਅਨ ਡਾਲਰ ਦਾ ਲਾਭ ਮਿਲਣ ਦੀ ਸੰਭਾਵਨਾ ਹੈ - ਜੋ ਕਿ ਮੌਜੂਦਾ ਅਨੁਮਾਨਿਤ ਅਧਾਰ ਤੋਂ 18% ਵੱਧ ਹੈ। ਆਈਐੱਮਐੱਫ ਦਾ ਕਹਿਣਾ ਹੈ ਕਿ ਭਾਗੀਦਾਰੀ ਦੇ ਪਾੜੇ ਨੂੰ ਘੱਟ ਕਰਨ ਨਾਲ ਜੀਡੀਪੀ ਵਿੱਚ 35% ਤੱਕ ਵਾਧਾ ਹੋ ਸਕਦਾ ਹੈ। ਮਹਿਲਾਵਾਂ ਦਾ ਰੁਜ਼ਗਾਰ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਵਿੱਚ ਉੱਚ ਨਿਵੇਸ਼ ਦੁਆਰਾ ਅੰਤਰ-ਪੀੜ੍ਹੀਗਤ ਮਨੁੱਖੀ ਪੂੰਜੀ ਨੂੰ ਵੀ ਮਜ਼ਬੂਤ ਕਰਦਾ ਹੈ। ਮਹਿਲਾਵਾਂ ਨੂੰ ਪ੍ਰਭਾਵਸ਼ਾਲੀ ਤੌਰ 'ਤੇ ਕਾਰਜਬਲ ਵਿੱਚ ਸ਼ਾਮਲ ਨਾ ਕਰਨ ਨਾਲ ਭਾਰੀ ਮੌਕੇ ਲਾਗਤ ਪੈਦਾ ਹੁੰਦੀ ਹੈ, ਜੋ ਭਾਰਤ ਦੇ ਸੰਭਾਵੀ ਜਨਸੰਖਿਆ ਲਾਭਅੰਸ਼ ਨੂੰ ਕਮਜ਼ੋਰ ਕਰਦੀ ਹੈ।

**ਸਮਾਵੇਸ਼ੀ ਦੇ ਪੁਲ ਵਜੋਂ ਓਐੱਸਐੱਚ ਕੋਡ**

ਓਐੱਸਐੱਚ ਕੋਡ ਮਹਿਲਾਵਾਂ ਦੀ ਸਮਾਵੇਸ਼ ਨੂੰ ਸਿਰਫ਼ ਇੱਕ ਭਲਾਈ ਉਪਾਅ ਵਜੋਂ ਹੀ ਨਹੀਂ, ਸਗੋਂ ਇੱਕ ਆਰਥਿਕ ਜ਼ਰੂਰਤ ਵਜੋਂ ਸਥਾਪਿਤ ਕਰਦਾ ਹੈ। ਢਾਂਚਾਗਤ ਜੋਖਮ ਦੂਰ ਕਰਕੇ ਅਤੇ ਭੇਦਭਾਵ ਖ਼ਤਮ ਕਰਕੇ, ਇਹ ਕੋਡ ਸੁਰੱਖਿਅਤ ਅਤੇ ਲਚਕਦਾਰ ਕਾਰਜ ਸਥਾਨਾਂ ਰਾਹੀਂ ਨੌਕਰੀਆਂ ਛੱਡਣ ਦੀ ਦਰ ਨੂੰ ਘੱਟ ਕਰਦੀ ਹੈ। ਗੈਰ-ਰਸਮੀ ਖੇਤਰ ਵਿੱਚ ਸੁਰੱਖਿਆ ਉਪਾਵਾਂ ਦਾ ਵਿਸਤਾਰ ਰਸਮੀ ਰੁਜ਼ਗਾਰ ਵਿੱਚ ਤਬਦੀਲੀ ਨੂੰ ਹੁਲਾਰਾ ਮਿਲਦਾ ਹੈ। ਵਿਭਿੰਨ ਅਤੇ ਸੁਰੱਖਿਅਤ ਕਾਰਜਬਲ ਉਤਪਾਦਕਤਾ ਅਤੇ ਵਿਸ਼ਾਲ ਆਰਥਿਕ ਸਥਿਰਤਾ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ, ਜੋ ਕਿ ਐੱਸਡੀਜੀ 5 (ਲੈਂਗਿਕ ਸਮਾਨਤਾ) ਅਤੇ ਐੱਸਡੀਜੀ 8 (ਉੱਚਿਤ ਕੰਮ ਅਤੇ ਆਰਥਿਕ ਵਿਕਾਸ) ਦੇ ਟੀਚਿਆਂ ਦੇ ਅਨੁਸਾਰ ਹੈ।

**ਅੱਗੇ ਦਾ ਰਾਹ**

ਓਐੱਸਐੱਚ ਕੋਡ, 2020 ਲੰਬੇ ਸਮੇਂ ਅਤੇ ਲੈਂਗਿਕ-ਸੰਵੇਦਨਸ਼ੀਲ ਵਿਕਾਸ ਲਈ ਇੱਕ ਰਣਨੀਤਕ ਸਾਧਨ ਹੈ। ਇਸ ਦੀ ਪੂਰੀ ਸਮਰੱਥਾ ਨੂੰ ਸਾਕਾਰ ਕਰਨ ਲਈ ਇਸ ਨੂੰ ਇੱਕ ਅਜਿਹੇ ਈਕੋਸਿਸਟਮ ਵਿੱਚ ਕੰਮ ਕਰਨਾ ਹੋਵੇਗਾ, ਜੋ ਕਾਰਜਸਥਲ ਦੀਆਂ ਸਥਿਤੀਆਂ ਅਤੇ ਦੇਖਭਾਲ-ਸਬੰਧਿਤ ਕੰਮ ਦੇ ਬੋਝ ਦੋਵਾਂ ਨੂੰ ਗੌਰ ਕਰਦਾ ਹੋਵੇ। ਬਾਲ ਦੇਖਭਾਲ ਨਾਲ ਸਬੰਧਿਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਇਸ ਦੇ ਮੁੱਖ ਥੰਮ ?ਹਾਂ ਵਿੱਚੋਂ ਇੱਕ ਹੈ; ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ਆਈਸੀਡੀਐੱਸ) ਅਤੇ ਰਾਸ਼ਟਰੀ ਕਰੈਚ ਸਕੀਮ ਵਰਗੀਆਂ ਪਹਿਲਕਦਮੀਆਂ ਇਹ ਯਕੀਨੀ ਬਣਾਉਂਦਾ ਹੈ ਕਿ ਮਹਿਲਾਵਾਂ ਦੇਖਭਾਲ ਅਤੇ ਰੋਜ਼ਗਾਰ ਵਿੱਚੋਂ ਕਿਸੇ ਇੱਕ ਦਾ ਚੋਣ ਕਰਨ ਲਈ ਮਜਬੂਰ ਨਾ ਹੋਣ।

ਜਦੋਂ ਕਿ ਓਐੱਸਐੱਚ ਕੋਡ ਰਸਮੀ ਕਾਮਿਆਂ ਦੀ ਸੁਰੱਖਿਆ ਕਰਦਾ ਹੈ, ਉੱਥੇ ਹੀ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਲਈ ਕਰਮਚਾਰੀ ਰਾਜ ਬੀਮਾ ਨਿਗਮ (ਈਐੱਸਆਈਸੀ) ਵਰਗੇ ਸੁਵਿੱਧਾਵਾਂ ਤੱਕ ਪਹੁੰਚ ਦਾ ਵਿਸਤਾਰ ਕਰਨਾ ਜ਼ਰੂਰੀ ਹੈ। ਮਹਿਲਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਜਾਣਕਾਰੀ ਦੇਣ ਲਈ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਅਭਿਆਨ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਲਚਕਦਾਰ ਸਮਾਂ-ਸਾਰਣੀ ਅਤੇ ਐਰਗੋਨੌਮਿਕ ਡਿਜ਼ਾਈਨ ਸਮੇਤ ਲੈਂਗਿਕ-ਸੰਵੇਦਨਸ਼ੀਲ ਅਭਿਆਸਾਂ ਨੂੰ ਅਪਣਾਉਣ ਲਈ ਮਾਲਕਾਂ ਨੂੰ ਵੀ ਹਿੱਸੇਦਾਰਾਂ ਵਜੋਂ ਸ਼ਾਮਲ ਹੋਣਾ ਚਾਹੀਦਾ ਹੈ। ਵਿਸ਼ਵਵਿਆਪੀ ਤਜ਼ਰਬਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮਜ਼ਬੂਤ ਓਐੱਸਐੱਚ ਢਾਂਚਾ ਦੇਖਭਾਲ ਨਾਲ ਸਬੰਧਿਤ ਬੁਨਿਆਦੀ ਢਾਂਚੇ ਨਾਲ ਏਕੀਕ੍ਰਿਤ ਹੋ ਕੇ ਆਰਥਿਕ ਭਾਗੀਦਾਰੀ ਅਤੇ ਜੀਡੀਪੀ ਵਿੱਚ ਮਹੱਤਵਪੂਰਨ ਵਾਧਾ ਕਰਦਾ ਹੈ। ਜਨਸੰਖਿਆ ਅਤੇ ਢਾਂਚਾਗਤ ਤਬਦੀਲੀਆਂ ਵਿੱਚੋਂ ਗੁਜ਼ਰ ਰਹੇ ਭਾਰਤ ਲਈ ਇਹ ਏਕੀਕਰਨ ਬਹੁਤ ਜ਼ਰੂਰੀ ਹੈ। ਸਮਾਵੇਸ਼ੀ ਨੀਤੀਆਂ ਦੀ ਸਹਾਇਤਾ ਨਾਲ ਓਐੱਸਐੱਚ ਕੋਡ ਨੂੰ ਤੇਜ਼ੀ ਨਾਲ ਲਾਗੂ ਕਰਨ ਨਾਲ ਮਹਿਲਾਵਾਂ ਦੀ ਕਾਰਜ ਬਲ ਸਮਰੱਥਾ ਉਜਾਗਰ ਹੋਵੇਗੀ, ਜਿਸ ਨਾਲ ਆਤਮ-ਨਿਰਭਰ ਭਾਰਤ ਦਾ ਵਿਜ਼ਨ ਸਾਕਾਰ ਹੋਵੇਗਾ ਅਤੇ ਪ੍ਰਤੀਯੋਗੀ ਅਤੇ ਲਚਕੀਲੀ ਅਰਥਵਿਵਸਥਾ ਯਕੀਨੀ ਹੋਵੇਗੀ।

**ਲੇਖਕ: ਸੁਸ਼੍ਰੀ ਰਚਨਾ ਮੇਹਰਾ, ਹੈੱਡ-ਗਰੁੱਪ ਐੱਚਆਰ, ਅਰਵਿੰਦ ਲਿਮਿਟੇਡ, ਗੁਜਰਾਤ**

# ਡਾਕਟਰ ਨਾਲ 30 ਕਰੋੜ ਦੀ ਠੱਗੀ ਦੇ ਦੋਸ਼ 'ਚ ਫਿਲਮਸਾਜ਼ ਵਿਕਰਮ ਭੱਟ ਤੇ ਉਸ ਦੀ ਪਤਨੀ ਗ੍ਰਿਫ਼ਤਾਰ

ਮੁੰਬਈ-ਉਦੈਪੁਰ ਪੁਲੀਸ ਨੇ ਮਸ਼ਹੂਰ ਫ਼ਿਲਮਸਾਜ਼ ਵਿਕਰਮ ਭੱਟ ਤੇ ਉਸ ਦੀ ਪਤਨੀ ਨੂੰ ਰਾਜਸਥਾਨ ਵਿਚ ਦਰਜ 30 ਕਰੋੜ ਰੁਪਏ ਦੀ ਧੋਖਾਧੜੀ ਨਾਲ ਜੁੜੇ ਕੇਸ ਵਿਚ ਮੁੰਬਈ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਭੱਟ, ਉਸ ਦੀ ਪਤਨੀ ਸ਼ਵੇਤਾਂਬਰੀ ਭੱਟ ਤੇ ਛੇ ਹੋਰਾਂ 'ਤੇ ਉਦੈਪੁਰ ਅਧਾਰਿਤ ਤੇ ਇੰਦਿਰਾ ਗਰੁੱਪ ਆਫ਼ ਕੰਪਨੀਜ਼ ਦੇ ਬਾਨੀ ਡਾ.ਅਜੈ ਮੁਰਦੀਆ ਨਾਲ 30 ਕਰੋੜ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ। ਇਸ ਕੇਸ ਵਿਚ ਪਹਿਲਾਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਦੈਪੁਰ ਪੁਲੀਸ ਦੀ ਟੀਮ ਨੇ ਭੱਟ ਤੇ ਸ਼ਵੇਤਾਂਬਰੀ ਨੂੰ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ। ਅਧਿਕਾਰੀ ਨੇ ਕਿਹਾ, "ਇੰਦਰਾ ਆਈਵੀਐਫ ਹਸਪਤਾਲ ਦੇ ਮਾਲਕ ਮੁਰਦੀਆ ਆਪਣੀ ਸਵਰਗੀ ਪਤਨੀ 'ਤੇ ਬਾਇਓਪਿਕ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੋਸ਼ ਲਗਾਇਆ ਹੈ ਕਿ ਉਨ੍ਹਾਂ ਨੂੰ 200 ਕਰੋੜ ਰੁਪਏ ਦੀ ਕਮਾਈ ਦਾ ਵਾਅਦਾ ਕੀਤਾ ਗਿਆ ਸੀ। ਪਰ ਕੁਝ ਵੀ ਨਹੀਂ ਹੋਇਆ, ਜਿਸ ਤੋਂ ਬਾਅਦ ਮੁਰਦੀਆ ਵੱਲੋਂ ਉਦੈਪੁਰ ਦੇ ਭੋਪਾਲਪੁਰਾ ਪੁਲੀਸ ਥਾਣੇ ਵਿਚ ਧੋਖਾਧੜੀ ਅਤੇ ਹੋਰ ਅਪਰਾਧਾਂ ਲਈ ਐਫਆਈਆਰ ਦਰਜ ਕੀਤੀ ਗਈ।" ਮਗਰੋਂ ਉਦੈਪੁਰ ਪੁਲੀਸ ਨੇ ਸ਼ਾਮ ਨੂੰ ਭੱਟ ਅਤੇ ਉਸ ਦੀ ਪਤਨੀ ਦਾ 9 ਦਸੰਬਰ ਤੱਕ ਟਰਾਂਜ਼ਿਟ ਰਿਮਾਂਡ ਹਾਸਲ ਕਰ ਲਿਆ।



# ਅਦਾਕਾਰਾ ਸਮੰਥਾ ਰੂਥ ਪ੍ਰਭੂ ਨੇ ਨਿਰਦੇਸ਼ਕ ਰਾਜ ਨਿਦੀਮੋਰੂ ਨਾਲ ਕੀਤਾ ਵਿਆਹ

## ਕੋਇੰਬਟੂਰ ਦੇ ਇੱਕ ਮੰਦਰ ਵਿੱਚ ਪ੍ਰਾਚੀਨ ਯੋਗਿਕ ਪਰੰਪਰਾਵਾਂ ਨਾਲ ਹੋਇਆ ਵਿਆਹ; 30 ਮਹਿਮਾਨ ਹੋਏ ਸ਼ਾਮਲ

ਚੰਡੀਗੜ੍ਹ ਅਦਾਕਾਰਾ ਸਮੰਥਾ ਰੂਥਪ੍ਰਭੂ ਨੇ ਸੋਮਵਾਰ ਨੂੰ 'ਦ ਫੈਮਿਲੀ ਮੈਨ' ਦੇ ਨਿਰਮਾਤਾ-ਨਿਰਦੇਸ਼ਕ ਰਾਜ ਨਿਦੀਮੋਰੂ ਨਾਲ ਵਿਆਹ ਕੀਤਾ। ਇਸ ਜੋੜੇ ਦਾ ਵਿਆਹ ਕੋਇੰਬਟੂਰ ਦੇ ਈਸ਼ਾ ਯੋਗਾ ਸੈਂਟਰ ਦੇ ਲਿੰਗ ਭੈਰਵੀ ਮੰਦਰ ਵਿੱਚ ਪ੍ਰਾਚੀਨ ਯੋਗਿਕ ਪਰੰਪਰਾ ਅਨੁਸਾਰ ਹੋਇਆ। ਸਮੰਥਾ ਰੂਥਪ੍ਰਭੂ ਨੇ ਵਿਆਹ ਦੀਆਂ ਫੋਟੋਆਂ ਪੋਸਟ ਕਰਕੇ ਅਧਿਕਾਰਤ ਐਲਾਨ ਕੀਤਾ। ਉਸਨੇ ਫੋਟੋਆਂ ਦਾ ਕੈਪਸ਼ਨ ਦਿੱਤਾ- '01.12.2025'ਸਮੰਥਾ ਅਤੇ ਰਾਜ ਦੇ ਵਿਆਹ ਸਮਾਗਮ ਵਿੱਚ ਸਿਰਫ਼ ਪਰਿਵਾਰ ਅਤੇ ਨਜ਼ਦੀਕੀ ਦੋਸਤ ਹੀ ਸ਼ਾਮਲ ਹੋਏ। ਜੋੜੇ ਨੇ ਓਸ਼ੋ ਦੇ ਈਸ਼ਾ ਫਾਊਂਡੇਸ਼ਨ ਦੇ ਲਿੰਗ ਭੈਰਵੀ ਮੰਦਰ ਵਿੱਚ ਪ੍ਰਾਚੀਨ ਯੋਗ ਪਰੰਪਰਾ ਅਨੁਸਾਰ ਭੂਤ ਸ਼ੁੱਧੀ ਵਿਆਹ ਕੀਤਾ। ਇਹ ਇੱਕ ਵਿਸ਼ੇਸ਼ ਪ੍ਰਕਿਰਿਆ ਹੈ ਜੋ ਵਿਆਹ ਕਰਨ ਵਾਲੇ ਦੋ ਲੋਕਾਂ ਵਿਚਕਾਰ ਇੱਕ ਡੂੰਘਾ ਬੰਧਨ ਬਣਾਉਂਦੀ ਹੈ, ਜੋ ਕਿ ਵਿਚਾਰਾਂ, ਭਾਵਨਾਵਾਂ ਜਾਂ ਸਰੀਰ ਤੱਕ ਸੀਮਿਤ ਨਹੀਂ ਹੈ ਬਲਕਿ ਉਨ੍ਹਾਂ ਨੂੰ ਸਰੀਰ ਦੇ ਪੰਜ ਤੱਤਾਂ ਦੇ ਪੱਧਰ 'ਤੇ ਜੋੜਦੀ ਹੈ। ਇਹ ਵਿਆਹ, ਲਿੰਗ ਭੈਰਵੀ ਮੰਦਰਾਂ ਜਾਂ ਚੋਣਵੀਆਂ ਥਾਵਾਂ 'ਤੇ ਕੀਤਾ ਜਾਂਦਾ ਹੈ, ਜੋੜੇ ਦੇ ਅੰਦਰ ਪੰਜ ਤੱਤਾਂ ਨੂੰ ਸ਼ੁੱਧ ਕਰਦਾ ਹੈ ਅਤੇ ਉਨ੍ਹਾਂ ਦੇ ਰਿਸ਼ਤੇ ਵਿੱਚ ਸ਼ਾਂਤੀ, ਖੁਸ਼ਹਾਲੀ ਅਤੇ ਅਧਿਆਤਮਿਕ ਸੰਤੁਲਨ ਲਿਆਉਂਦਾ ਹੈ, ਜਿਸਨੂੰ ਦੇਵੀ ਦਾ ਆਸ਼ੀਰਵਾਦ ਪ੍ਰਾਪਤ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾ ਸਮੰਥਾ ਰੂਥਪ੍ਰਭੂ ਅਤੇ ਨਾਗਾ ਚੈਤੰਨਿਆ ਫਿਲਮ 'ਯੇ ਮਾਇਆ ਚੇਸਾਵੇ' ਵਿੱਚ ਇਕੱਠੇ ਨਜ਼ਰ ਆਏ ਸਨ।





ਉਨ੍ਹਾਂ ਨੂੰ ਫਿਲਮ ਦੇ ਸੈੱਟ 'ਤੇ ਪਿਆਰ ਹੋ ਗਿਆ ਅਤੇ ਇੱਕ ਰਿਸ਼ਤਾ ਸ਼ੁਰੂ ਹੋਇਆ। ਸੱਤ ਸਾਲ ਡੇਟਿੰਗ ਤੋਂ ਬਾਅਦ, ਸਮੰਥਾ ਨੇ 2017 ਵਿੱਚ ਦੱਖਣੀ ਭਾਰਤੀ ਸਟਾਰ ਨਾਗਾ ਚੈਤੰਨਿਆ ਨਾਲ ਵਿਆਹ ਕੀਤਾ। ਵਿਆਹ ਹਿੰਦੂ ਅਤੇ ਈਸਾਈ ਦੋਵਾਂ ਰੀਤੀ-ਰਿਵਾਜਾਂ ਅਨੁਸਾਰ ਹੋਇਆ। ਵਿਆਹ ਤੋਂ ਬਾਅਦ, ਸਮੰਥਾ ਨੇ ਆਪਣਾ ਸਰਨੇਮ ਬਦਲ ਕੇ ਅੱਕੀਨੇਨੀ ਰੱਖ ਲਿਆ ਪਰ ਜੁਲਾਈ 2021 ਵਿੱਚ ਆਪਣਾ ਨਾਮ ਸਮੰਥਾ ਅੱਕੀਨੇਨੀ ਤੋਂ ਬਦਲ ਕੇ ਸਮੰਥਾ ਰੂਥਪ੍ਰਭੂ ਰੱਖ ਲਿਆ। ਇਸ ਤੋਂ ਬਾਅਦ, ਉਨ੍ਹਾਂ ਦੇ ਤਲਾਕ ਦੀਆਂ ਖ਼ਬਰਾਂ ਸਾਹਮਣੇ ਆਉਣ ਲੱਗੀਆਂ ਅਤੇ ਉਨ੍ਹਾਂ ਨੇ ਅਕਤੂਬਰ 2021 ਵਿੱਚ ਆਪਣੇ ਤਲਾਕ ਦਾ ਐਲਾਨ ਕੀਤਾ।

# ਜਨਮ ਦਿਨ ਮੁਬਾਰਕ ਪਿਆਰੇ.....ਹੇਮਾ ਮਾਲਿਨੀ ਨੇ ਧਰਮਿੰਦਰ ਨੂੰ ਉਨ੍ਹਾਂ ਦੇ 90ਵੇਂ ਜਨਮ ਦਿਨ 'ਤੇ ਕੀਤਾ ਯਾਦ

## ਅਦਾਕਾਰਾ ਨੇ ਭਾਵੁਕ ਪੋਸਟ ਕੀਤੀ ਸਾਂਝੀ

ਮੁੰਬਈ ਅਦਾਕਾਰਾ ਹੇਮਾ ਮਾਲਿਨੀ ਨੇ ਧਰਮਿੰਦਰ ਨੂੰ 90ਵੇਂ ਜਨਮਦਿਨ ਮੌਕੇ ਯਾਦ ਕੀਤਾ ਅਤੇ ਇੱਕ ਭਾਵੁਕ ਪੋਸਟ ਪਾਈ। ਧਰਮਿੰਦਰ ਦਾ ਦੇਹਾਂਤ 24 ਨਵੰਬਰ ਨੂੰ ਉਨ੍ਹਾਂ ਦੇ ਜੁਹੂ ਸਥਿਤ ਘਰ ਵਿੱਚ ਹੋ ਗਿਆ ਸੀ।

ਹੇਮਾ ਮਾਲਿਨੀ ਨੇ ਪੋਸਟ ਕੀਤਾ, " ਧਰਮ ਜੀ। ਮੇਰੇ ਪਿਆਰੇ, ਜਨਮਦਿਨ ਮੁਬਾਰਕ। ਤੁਹਾਨੂੰ ਮੈਨੂੰ ਟੁੱਟਿਆ ਛੱਡ ਕੇ ਗਿਆਂ ਨੂੰ ਦੋ ਹਫ਼ਤਿਆਂ ਤੋਂ ਵੱਧ ਸਮਾਂ ਹੋ ਗਿਆ ਹੈ, ਮੈਂ ਹੌਲੀ-ਹੌਲੀ ਟੁਕੜਿਆਂ ਨੂੰ ਇਕੱਠਾ ਕਰ ਰਹੀ ਹਾਂ ਅਤੇ ਆਪਣੀ ਜ਼ਿੰਦਗੀ ਨੂੰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹਾਂ, ਇਹ ਜਾਣਦੇ ਹੋਏ ਕਿ ਤੁਸੀਂ ਹਮੇਸ਼ਾ ਰੂਹ ਦੇ ਰੂਪ ਵਿੱਚ ਮੇਰੇ ਨਾਲ ਰਹੋਗੇ।

ਹੇਮਾ ਮਾਲਿਨੀ ਨੇ ਅੱਗੇ ਕਿਹਾ, "....ਸਿਰਫ਼ ਉਨ੍ਹਾਂ ਪਲਾਂ ਨੂੰ ਮੁੜ ਜੀਣਾ ਹੀ ਮੈਨੂੰ ਬਹੁਤ ਦਿਲਾਸਾ ਅਤੇ ਖੁਸ਼ੀ ਦਿੰਦਾ ਹੈ। ਮੈਂ ਸਾਡੇ ਇਕੱਠੇ ਬਿਤਾਏ ਪਿਆਰੇ ਸਾਲਾਂ ਲਈ, ਸਾਡੀਆਂ ਦੋ ਖੂਬਸੂਰਤ ਬੇਟੀਆਂ ਲਈ, ਜੋ ਇੱਕ-ਦੂਜੇ ਲਈ ਸਾਡੇ ਪਿਆਰ ਦੀ ਪੁਸ਼ਟੀ ਕਰਦੀਆਂ ਹਨ, ਅਤੇ ਉਨ੍ਹਾਂ ਸਾਰੀਆਂ ਖੂਬਸੂਰਤ, ਖੁਸ਼ਹਾਲ ਯਾਦਾਂ ਲਈ ਪ੍ਰਮਾਤਮਾ ਦਾ ਧੰਨਵਾਦ ਕਰਦੀ ਹਾਂ ਜੋ ਮੇਰੇ ਦਿਲ ਵਿੱਚ ਹਮੇਸ਼ਾ ਰਹਿਣਗੀਆਂ। ਤੁਹਾਡੇ ਜਨਮਦਿਨ 'ਤੇ, ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਤੁਹਾਨੂੰ ਸ਼ਾਂਤੀ ਅਤੇ ਖੁਸ਼ੀ ਬਖ਼ਸ਼ੇ ਜਿਸਦੇ ਤੁਸੀਂ ਆਪਣੀ ਨਿਮਰਤਾ, ਦਿਲ ਦੀ ਚੰਗਿਆਈ ਅਤੇ ਮਨੁੱਖਤਾ ਲਈ ਪਿਆਰ ਕਾਰਨ ਹੱਕਦਾਰ ਹੋ। ਜਨਮਦਿਨ ਮੁਬਾਰਕ ਪਿਆਰੇ।ਆਪਣੀ ਪੋਸਟ ਵਿੱਚ ਅਦਾਕਾਰਾ ਨੇ ਕਿਹਾ ਕਿ ਉਨ੍ਹਾਂ ਦੀ ਇਕੱਠੀ ਜ਼ਿੰਦਗੀ ਦੀਆਂ ਖੁਸ਼ੀ ਨਾਲ ਭਰੀਆਂ ਯਾਦਾਂ ਕਦੇ ਮਿਟਾਈਆਂ ਨਹੀਂ ਜਾ ਸਕਦੀਆਂ। ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਨੇ ਧਰਮਿੰਦਰ ਨਾਲ ਆਪਣੀ ਜ਼ਿੰਦਗੀ ਦੀਆਂ ਤਸਵੀਰਾਂ ਵੀ ✓ 'ਤੇ ਸਾਂਝੀਆਂ ਕੀਤੀਆਂ। ਉਨ੍ਹਾਂ ਤਸਵੀਰਾਂ 'ਤੇ ਲਿਖਿਆ "ਸਾਡੇ ਖੁਸ਼ਹਾਲ ਇਕੱਠਿਆਂ ਦੇ ਪਲ ਦੱਸ ਦਈਏ ਕਿ ਦੋਵਾਂ ਦਾ ਵਿਆਹ 1980 ਵਿੱਚ ਹੋਇਆ ਸੀ ਅਤੇ ਉਨ੍ਹਾਂ ਦੀਆਂ ਦੋ ਧੀਆਂ ਈਸ਼ਾ ਅਤੇ ਅਹਾਨਾ ਹਨ। ਧਰਮਿੰਦਰ ਦੇ ਆਪਣੀ ਪਹਿਲੀ ਪਤਨੀ ਪ੍ਰਕਾਸ਼ ਕੌਰ ਤੋਂ ਵੀ ਚਾਰ ਬੱਚੇ ਹਨ, ਜਿਨ੍ਹਾਂ ਵਿੱਚ ਅਦਾਕਾਰ ਸੰਨੀ ਅਤੇ ਬੌਬੀ ਦਿਓਲ ਸ਼ਾਮਲ ਹਨ।



## ਪਿਤਾ ਧਰਮਿੰਦਰ ਦੀ ਮੌਤ ਮਗਰੋਂ ਬੁਰੀ ਤਰ੍ਹਾਂ ਟੁੱਟੀ ਧੀ ਈਸ਼ਾ ਦਿਓਲ, ਭਾਵੁਕ ਪੋਸਟ ਸਾਂਝੀ ਕਰਦਿਆਂ ਲਿਖਿਆ- 'ਤੁਹਾਡੀ ਆਵਾਜ਼ ਮੇਰਾ

ਧਰਮਿੰਦਰ ਇਸ ਦੁਨੀਆ ਵਿੱਚ ਨਹੀਂ ਹਨ। 90ਵੇਂ ਜਨਮ ਦਿਨ ਤੋਂ ਠੀਕ 14 ਦਿਨ ਪਹਿਲਾਂ ਬਾਲੀਵੁੱਡ ਦੇ 'ਹੀ-ਮੈਨ' ਦਾ ਦਿਹਾਂਤ ਹੋ ਗਿਆ ਸੀ। ਅੱਜ ਅਦਾਕਾਰ ਦੀ ਜਨਮ ਵਰ੍ਹੇਗੰਢ (Birth Anniversary) ਹੈ। ਪਿਤਾ ਦੇ ਜਾਣ ਤੋਂ ਬਾਅਦ ਪਹਿਲੀ ਵਾਰ ਉਨ੍ਹਾਂ ਦੀ ਬੇਟੀ ਈਸ਼ਾ ਦਿਓਲ (Esha Deol) ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਹੈ। ਈਸ਼ਾ ਨੇ 90ਵੀਂ ਜਨਮ ਵਰ੍ਹੇਗੰਢ 'ਤੇ ਆਪਣੇ ਪਿਤਾ ਧਰਮਿੰਦਰ ਨੂੰ ਯਾਦ ਕੀਤਾ ਹੈ ਅਤੇ ਕੁਝ ਅਣਦੇਖੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਫੋਟੋਆਂ ਵਿੱਚ ਅਦਾਕਾਰਾ ਆਪਣੇ ਪਿਤਾ ਨਾਲ ਪੋਜ਼ ਦੇ ਰਹੀ ਹੈ। ਇਨ੍ਹਾਂ ਤਸਵੀਰਾਂ ਨੂੰ ਸਾਂਝਾ ਕਰਦੇ ਹੋਏ ਈਸ਼ਾ ਨੇ ਆਪਣੇ ਦਿਲ ਦਾ ਦਰਦ ਬਿਆਨ ਕੀਤਾ ਹੈ। ਈਸ਼ਾ ਦਿਓਲ ਨੇ



ਪਿਤਾ ਲਈ ਭਾਵੁਕ ਨੋਟ ਵਿੱਚ ਲਿਖਿਆ, ÷ਮੇਰੇ ਡਾਰਲਿੰਗ ਪਾਪਾ ਲਈ, ਸਾਡਾ ਸਭ ਤੋਂ ਮਜ਼ਬੂਤ ਬੰਧਨ। 'ਅਸੀਂ' ਸਾਡੀ ਪੂਰੀ ਜ਼ਿੰਦਗੀ, ਹਰ ਦੁਨੀਆ ਅਤੇ ਉਸ ਤੋਂ ਵੀ ਅੱਗੇ... ਅਸੀਂ ਹਮੇਸ਼ਾ ਨਾਲ ਹਾਂ ਪਾਪਾ। ਚਾਹੇ ਅਸਮਾਨ ਹੋਵੇ ਜਾਂ ਧਰਤੀ। ਅਸੀਂ ਇੱਕ ਹਾਂ। ਹੁਣੇ ਅਤੇ ਪੂਰੀ ਜ਼ਿੰਦਗੀ ਲਈ ਮੈਂ ਤੁਹਾਨੂੰ ਬਹੁਤ ਹੀ ਪਿਆਰ ਨਾਲ, ਸਾਵਧਾਨੀ ਨਾਲ ਅਤੇ ਬਹੁਤ ਹੀ ਸਨੇਹ ਨਾਲ ਆਪਣੇ ਦਿਲ ਵਿੱਚ ਵਸਾ ਲਿਆ ਹੈ। ਈਸ਼ਾ ਦਿਓਲ ਨੇ ਅੱਗੇ ਕਿਹਾ, ÷ਜਾਦੂਈ ਕੀਮਤੀ ਯਾਦਾਂ... ਜ਼ਿੰਦਗੀ ਦੇ ਸਬਕ, ਸਿੱਖਿਆਵਾਂ, ਮਾਰਗਦਰਸ਼ਨ, ਆਪਣਾਪਣ, ਬਿਨਾਂ ਸ਼ਰਤ ਪਿਆਰ, ਗਰਿਮਾ ਅਤੇ ਤਾਕਤ ਜੋ ਤੁਸੀਂ ਮੈਨੂੰ ਆਪਣੀ ਬੇਟੀ ਦੇ ਰੂਪ ਵਿੱਚ ਦਿੱਤੀ ਹੈ, ਉਸ ਨੂੰ ਕੋਈ ਹੋਰ ਬਦਲ ਨਹੀਂ ਸਕਦਾ ਜਾਂ ਉਸ ਦੀ ਬਰਾਬਰੀ ਨਹੀਂ ਕਰ ਸਕਦਾ।÷ ਈਸ਼ਾ ਨੇ ਕਿਹਾ, ÷ਮੈਨੂੰ ਤੁਹਾਡੀ ਬਹੁਤ ਯਾਦ ਆਉਂਦੀ ਹੈ ਪਾਪਾ। ਤੁਹਾਡਾ ਪਿਆਰ ਭਰਿਆ ਗਲੇ ਲੱਗਣਾ ਜੋ ਸਭ ਤੋਂ ਆਰਾਮਦਾਇਕ ਕੰਬਲ ਵਰਗਾ ਲੱਗਦਾ ਸੀ, ਤੁਹਾਡੇ ਨਰਮ ਪਰ ਮਜ਼ਬੂਤ ਹੱਥਾਂ ਨੂੰ ਫੜੀ ਰੱਖਣਾ, ਜਿਨ੍ਹਾਂ ਵਿੱਚ ਅਣਕਹੇ ਮੈਸੇਜ ਹੁੰਦੇ ਸਨ ਅਤੇ ਤੁਹਾਡੀ ਆਵਾਜ਼ ਮੇਰਾ ਨਾਮ ਪੁਕਾਰਦੀ ਸੀ, ਜਿਸ ਤੋਂ ਬਾਅਦ ਕਦੇ ਨਾ ਖ਼ਤਮ ਹੋਣ ਵਾਲੀਆਂ ਗੱਲਾਂ, ਹਾਸੇ ਅਤੇ ਸ਼ਾਇਰੀ ਹੁੰਦੀਆਂ ਸਨ। ਤੁਹਾਡਾ ਮੋਟੋ 'ਹਮੇਸ਼ਾ ਨਿਮਰ ਰਹੋ, ਖੁਸ਼ ਰਹੋ, ਸਿਹਤਮੰਦ ਅਤੇ ਮਜ਼ਬੂਤ ਰਹੋ' ਸੀ।÷ ਪਿਤਾ ਤੋਂ ਵਾਅਦਾ ਕਰਦੇ ਹੋਏ ਈਸ਼ਾ ਨੇ ਕਿਹਾ, ÷ਮੈਂ ਮਾਣ ਅਤੇ ਸਨਮਾਨ ਨਾਲ ਤੁਹਾਡੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਵਾਅਦਾ ਕਰਦੀ ਹਾਂ। ਮੈਂ ਤੁਹਾਡਾ ਪਿਆਰ ਉਨ੍ਹਾਂ ਲੱਖਾਂ ਲੋਕਾਂ ਤੱਕ ਪਹੁੰਚਾਉਣ ਦੀ ਪੂਰੀ ਕੋਸ਼ਿਸ਼ ਕਰਾਂਗੀ ਜੋ ਤੁਹਾਡੇ ਤੋਂ ਓਨਾ ਹੀ ਪਿਆਰ ਕਰਦੇ ਹਨ ਜਿੰਨਾ ਮੈਂ ਕਰਦੀ ਹਾਂ। ਆਈ ਲਵ ਯੂ ਪਾਪਾ ਤੁਹਾਡੀ ਪਿਆਰੀ ਬੇਟੀ, ਤੁਹਾਡੀ ਈਸ਼ਾ, ਤੁਹਾਡੀ ਬਿੱਟੂ।

# ਗੌਰਵ ਖੰਨਾ ਨੇ ਜਿੱਤਿਆ ਬਿੱਗ ਬੌਸ ਦਾ ਖਿਤਾਬ

## ਫਰਹਾਨਾ ਭੱਟ ਰਨਰ ਅੱਪ ਰਹੀ

ਮੁੰਬਈ ਅਦਾਕਾਰ ਗੌਰਵ ਖੰਨਾ ਨੇ ਬਿੱਗ ਬੌਸ 19 ਦਾ ਖਿਤਾਬ ਜਿੱਤਿਆ ਹੈ। ਖੰਨਾ ਦੀ ਇਸ ਜਿੱਤ ਨਾਲ ਉਨ੍ਹਾਂ ਦੇ ਸਮਰਥਕ ਤੇ ਪ੍ਰਸ਼ੰਸਕ ਜੋਸ਼ ਤੇ ਖੁਸ਼ੀ ਦੇ ਰੌਂਅ ਵਿਚ ਹਨ। ਸ਼ੋਅ ਦੇ ਮੇਜ਼ਬਾਨ ਸਲਮਾਨ ਖ਼ਾਨ ਨੇ ਜੇਤੂ ਵਜੋਂ Gaurav Khanna ਦੇ ਨਾਮ ਦਾ ਐਲਾਨ ਕੀਤਾ। ਗੌਰਵ ਨੇ ਗਰੈਂਡ ਫਿਨਾਲੇ ਵਿਚ ਪੰਜ ਸਿਖਰਲੇ ਉਮੀਦਵਾਰਾਂ ਨੂੰ ਹਰਾਇਆ। ਗੌਰਵ ਨੂੰ ਜੇਤੂ ਟਰਾਫ਼ੀ ਦੇ ਨਾਲ 50 ਲੱਖ ਰੁਪਏ ਦੀ ਜੇਤੂ ਰਾਸ਼ੀ ਵੀ ਦਿੱਤੀ ਗਈ। Farrhana Bhattਪਹਿਲੀ ਰਨਰ ਅੱਪ ਰਹੀ। ਗਰੈਂਡ ਫਿਨਾਲੇ ਵਿਚ ਸਾਬਕਾ ਪ੍ਰਤੀਯੋਗੀ ਵੀ ਪਹੁੰਚੇ ਤੇ ਸਟੇਜ 'ਤੇ ਜਸ਼ਨ ਮਨਾਉਂਦੇ ਦਿਖਾਈ ਦਿੱਤੇ। ਜੇਤੂ ਦਾ ਐਲਾਨ ਕੀਤੇ ਜਾਣ ਤੋਂ ਪਹਿਲਾਂ ਗੌਰਵ ਅਤੇ ਫਰਹਾਨਾ ਨੂੰ ਬਿੱਗ ਬੌਸ ਦੇ ਘਰ 'ਚੋਂ ਭਾਵੁਕ ਵਿਦਾਈ ਦਿੱਤੀ ਗਈ। ਉਨ੍ਹਾਂ ਸ਼ੋਅ 'ਤੇ ਆਪਣੇ ਮਹੀਨਿਆਂ ਦੇ ਸਫ਼ਰ ਨੂੰ ਯਾਦ ਕਰਦੇ ਹੋਏ ਧੰਨਵਾਦ ਵੀ ਕੀਤਾ। ਗੌਰਵ ਖੰਨਾ ਅਤੇ ਫਰਹਾਨਾ ਭੱਟ ਸ਼ੋਅ ਦੇ ਸਭ ਤੋਂ ਮਜ਼ਬੂਤ ?ਪ੍ਰਤੀਯੋਗੀਆਂ ਵਿੱਚੋਂ ਸਨ, ਜੋ ਟਰਾਫੀ ਲਈ ਜ਼ੋਰਦਾਰ ਮੁਕਾਬਲਾ ਕਰ ਰਹੇ ਸਨ। ਹਫ਼ਤਿਆਂ ਦੇ ਸਖ਼ਤ ਮੁਕਾਬਲੇ ਤੋਂ ਬਾਅਦ ਉਨ੍ਹਾਂ ਨੇ ਪ੍ਰਨੀਤ ਮੋਰੇ, ਤਾਨਿਆ ਮਿੱਤਲ ਅਤੇ ਅਮਾਲ ਮਲਿਕ ਨਾਲ ਸਿਖਰਲੇ ਪੰਜ ਦੀ ਸੂਚੀ ਵਿੱਚ ਜਗ?ਹਾ ਬਣਾਈ। ਪ੍ਰਸ਼ੰਸਕਾਂ ਇਕ ਵੱਡਾ ਅਧਾਰ ਬਣਾਉਣ ਤੋਂ ਬਾਅਦ ਗੌਰਵ ਖੰਨਾ ਨੂੰ ਅਕਸਰ ਉਸ ਦੇ ਸ਼ਾਂਤ, ਸੰਜਮੀ ਗੇਮਪਲੇ ਲਈ ਜਾਣਿਆ ਜਾਂਦਾ ਹੈ। ਸ਼ੋਅ ਦੌਰਾਨ ਉਸ ਨੂੰ ਹੋਰਨਾਂ ਪ੍ਰਤੀਯੋਗੀਆਂ ਨਾਲ ਦੁਰਲੱਭ ਟਕਰਾਅ ਵਿੱਚ ਵੀ ਸ਼ਾਮਲ ਹੁੰਦੇ ਦੇਖਿਆ ਗਿਆ ਅਤੇ ਡੂੰਘੇ ਨਿੱਜੀ ਪਲ ਵੀ ਸਾਂਝੇ ਕੀਤੇ ਗਏ। ਦੂਜੇ ਪਾਸੇ ਅਸ਼ਨੂਰ ਕੌਰ, ਪ੍ਰਨੀਤ ਮੋਰੇ ਅਤੇ ਹੋਰਾਂ ਨਾਲ ਗੌਰਵ ਦੇ ਸਬੰਧਾਂ ਨੇ ਵੀ ਦਰਸ਼ਕਾਂ ਦਾ ਧਿਆਨ ਖਿੱਚਿਆ।




# ਵੋਟ ਨਹੀਂ, ਇਸ ਕਾਰਨ Farrhana Bhatt ਦੇ ਹੱਥੋਂ ਗਈ 'ਬਿੱਗ ਬੌਸ 19' ਦੀ ਟਰਾਫੀ, ਡਰੈੱਸ ਬਣ ਗਈ ਅਦਾਕਾਰਾ ਲਈ ਸ਼ਰਾਪ ?

ਗੌਰਵ ਖੰਨਾ ਦੇ ਮੁਕਾਬਲੇ ਘੱਟ ਵੋਟਾਂ ਮਿਲਣ ਕਾਰਨ ਫਰਹਾਨਾ ਭੱਟ ਹਾਰ ਗਈ ਅਤੇ ਇਸ ਸੀਜ਼ਨ ਦੀ ਫਸਟ ਰਨਰ-ਅੱਪ ਰਹੀ। ਫਰਹਾਨਾ ਦੀ ਹਾਰ 'ਤੇ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕ ਆਪਣੀ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਕੁਝ ਲੋਕ ਮੇਕਰਸ ਨੂੰ ਤਾਅਨੇ ਮਾਰ ਰਹੇ ਹਨ

'ਕਸ਼ਮੀਰ ਦੀ ਕਲੀ' ਫਰਹਾਨਾ ਭੱਟ (Farrhana Bhatt) ਵਿਵਾਦਿਤ ਸ਼ੋਅ 'ਬਿੱਗ ਬੌਸ 19' (Bigg Boss AI Runner Up) ਦੀ ਸਭ ਤੋਂ ਮਜ਼ਬੂਤ ਫਾਈਨਲਿਸਟਾਂ ਵਿੱਚੋਂ ਇੱਕ ਸੀ, ਜਿਸ ਨੂੰ ਟਰਾਫੀ ਦਾ ਹੱਕਦਾਰ ਦੱਸਿਆ ਜਾ ਰਿਹਾ ਸੀ। ਹਾਲਾਂਕਿ, ਟੀਵੀ ਦੇ ਸੁਪਰਸਟਾਰ ਕਹੇ ਜਾਣ ਵਾਲੇ ਗੌਰਵ ਖੰਨਾ (Gaurav Khanna) ਨੇ ਜਿੱਤ ਹਾਸਲ ਕੀਤੀ। ਗੌਰਵ ਖੰਨਾ ਦੇ ਮੁਕਾਬਲੇ ਘੱਟ ਵੋਟਾਂ ਮਿਲਣ ਕਾਰਨ ਫਰਹਾਨਾ ਭੱਟ ਹਾਰ ਗਈ ਅਤੇ ਇਸ ਸੀਜ਼ਨ ਦੀ ਫਸਟ ਰਨਰ-ਅੱਪ ਰਹੀ। ਫਰਹਾਨਾ ਦੀ ਹਾਰ 'ਤੇ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕ ਆਪਣੀ ਨਾਰਾਜ਼ਗੀ ਜ਼ਾਹਰ ਕਰ ਰਹੇ ਹਨ। ਕੁਝ ਲੋਕ ਮੇਕਰਸ ਨੂੰ ਤਾਅਨੇ ਮਾਰ ਰਹੇ ਹਨ ਪਰ ਕੁਝ ਲੋਕਾਂ ਦਾ ਮੰਨਣਾ ਹੈ ਕਿ ਇੱਕ ਸ਼ਰਾਪ (Curse) ਦੇ ਚੱਕਰ ਵਿੱਚ ਫਰਹਾਨਾ ਜਿੱਤ ਤੋਂ ਪਿੱਛੇ ਰਹਿ ਗਈ।



ਜਿਵੇਂ ਕਿ ਤੁਹਾਨੂੰ ਪਤਾ ਹੋਵੇਗਾ ਕਿ ਫਰਹਾਨਾ ਭੱਟ ਦੇ ਨਾਲ ਟਾਪ 5 ਫਿਨਾਲੇ ਵਿੱਚ ਤਾਨਿਆ ਮਿੱਤਲ, ਅਮਾਲ ਮਲਿਕ, ਪ੍ਰਣਿਤ ਮੋਰੇ ਅਤੇ ਗੌਰਵ ਖੰਨਾ ਸਨ। ਫਰਹਾਨਾ ਅਤੇ ਗੌਰਵ ਟਾਪ 2 ਵਿੱਚ ਰਹੇ। ਸ਼ੁਰੂ ਤੋਂ ਹੀ ਗੌਰਵ ਦੇ ਯੋਗਦਾਨ 'ਤੇ ਸਵਾਲ ਉੱਠੇ ਹਨ। ਖੈਰ, ਫਰਹਾਨਾ ਦੀ ਹਾਰ ਤੋਂ ਬਾਅਦ ਹੀ ਉਸਦੀ ਲਾਲ ਡਰੈੱਸ ਕਾਫੀ ਸੁਰਖੀਆਂ ਬਟੋਰ ਰਹੀ ਹੈ ਅਤੇ ਲੋਕ ਇਸੇ ਨੂੰ ਉਸਦੀ ਹਾਰ ਦੀ ਵਜ?ਹਾ ਮੰਨ ਰਹੇ ਹਨ।

**ਲਾਲ ਡਰੈੱਸ ਬਣੀ ਫਰਹਾਨਾ ਲਈ ਸ਼ਰਾਪ ?**

ਜੀ ਹਾਂ, ਸੋਸ਼ਲ ਮੀਡੀਆ 'ਤੇ ਕੁਝ ਯੂਜ਼ਰਸ ਦਾ ਕਹਿਣਾ ਹੈ ਕਿ ਫਰਹਾਨਾ ਭੱਟ ਦੀ ਹਾਰ ਉਸਦੀ ਲਾਲ ਡਰੈੱਸ ਕਾਰਨ ਹੋਈ ਹੈ। ਲੋਕ ਇਸ ਨੂੰ 'ਬਿੱਗ ਬੌਸ ਦਾ ਅਸਲੀ ਸ਼ਰਾਪ' ਮੰਨ ਰਹੇ ਹਨ। ਜਦੋਂ ਫਰਹਾਨਾ ਲਾਲ ਡਰੈੱਸ ਵਿੱਚ ਦਿਖੀ, ਉਦੋਂ ਹੀ ਲੋਕਾਂ ਨੇ ਮੰਨ ਲਿਆ ਸੀ ਕਿ ਉਹ ਸੀਜ਼ਨ ਦੀ ਟਰਾਫੀ ਨਹੀਂ ਜਿੱਤ ਪਾਵੇਗੀ।

**ਲਾਲ ਡਰੈੱਸ ਕਾਰਨ ਇਹ ਫਾਈਨਲਿਸਟ ਵੀ ਨਹੀਂ ਬਣ ਸਕੇ ਵਿਨਰ ?**

ਦਰਅਸਲ, ਫਰਹਾਨਾ ਤੋਂ ਪਹਿਲਾਂ ਜਿਸ ਫਾਈਨਲਿਸਟ ਨੇ ਵੀ ਲਾਲ ਡਰੈੱਸ ਪਹਿਨੀ, ਉਹ ਟਰਾਫੀ ਨਹੀਂ ਜਿੱਤ ਸਕੀ। ਲੋਕ ਇਸ ਦੀਆਂ ਉਦਾਹਰਣਾਂ ਵੀ ਦੇ ਰਹੇ ਹਨ:

ਦਰਅਸਲ, ਫਰਹਾਨਾ ਤੋਂ ਪਹਿਲਾਂ ਜਿਸ ਫਾਈਨਲਿਸਟ ਨੇ ਵੀ ਲਾਲ ਡਰੈੱਸ ਪਹਿਨੀ, ਉਹ ਟਰਾਫੀ ਨਹੀਂ ਜਿੱਤ ਸਕੀ। ਲੋਕ ਇਸ ਦੀਆਂ ਉਦਾਹਰਣਾਂ ਵੀ ਦੇ ਰਹੇ ਹਨ:

**ਬਿੱਗ ਬੌਸ 11:** ਹਿਨਾ ਖਾਨ ਫਸਟ ਰਨਰ-ਅੱਪ (ਲਾਲ ਡਰੈੱਸ)

**ਬਿੱਗ ਬੌਸ 16:** ਪ੍ਰਿਯੰਕਾ ਚਾਹਰ ਚੌਧਰੀ ਸੈਕੰਡ ਰਨਰ-ਅੱਪ (ਲਾਲ ਡਰੈੱਸ)

**ਬਿੱਗ ਬੌਸ 17:** ਅਭਿਸ਼ੇਕ ਕੁਮਾਰ ਫਸਟ ਰਨਰ-ਅੱਪ (ਲਾਲ ਆਊਟਫਿੱਟ)



ਛੋਟਾ ਪਰਦਾ

# ਵਾਣੀ ਕਪੂਰ ਦਾ ਡਿਜੀਟਲ ਡੈਬਿਊ

ਨੈੱਟਫਲਿਕਸ ਅਤੇ ਵਾਈਆਰਐੱਫ ਐਂਟਰਟੇਨਮੈਂਟ ਦੀ ਮਿਥਿਹਾਸਕ-ਅਪਰਾਧ ਥ੍ਰਿਲਰ ਵੈੱਬ ਸੀਰੀਜ਼ 'ਮੰਡਾਲਾ ਮਰਡਰਸ' ਦਾ 25 ਜੁਲਾਈ ਨੂੰ ਪ੍ਰੀਮੀਅਰ ਹੋਣ ਜਾ ਰਿਹਾ ਹੈ। ਇਹ ਸੀਰੀਜ਼ ਨਾ ਸਿਰਫ਼ ਆਪਣੀ ਵਿਲੱਖਣ ਸ਼ੈਲੀ ਲਈ ਖ਼ਬਰਾਂ ਵਿੱਚ ਹੈ, ਸਗੋਂ ਇਸ ਲਈ ਵੀ ਖ਼ਾਸ ਹੈ ਕਿਉਂਕਿ ਵਾਣੀ ਕਪੂਰ ਇਸ ਨਾਲ ਆਪਣਾ ਡਿਜੀਟਲ ਡੈਬਿਊ ਕਰ ਰਹੀ ਹੈ।ਇਹ ਸ਼ੋਅ ਵਾਣੀ ਲਈ ਵੀ ਬਹੁਤ ਖ਼ਾਸ ਹੈ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਉਹ ਮਸ਼ਹੂਰ ਨਿਰਦੇਸ਼ਕ ਗੋਪੀ ਪੁਥਰਨ ਨਾਲ ਕੰਮ ਕਰ ਰਹੀ ਹੈ, ਜਿਸ ਦੀ 'ਮਰਦਾਨੀ' ਫਰੈਂਚਾਇਜ਼ੀ ਨੂੰ ਆਲੋਚਕਾਂ ਅਤੇ ਦਰਸ਼ਕਾਂ ਦੋਵਾਂ ਦੁਆਰਾ ਪ੍ਰਸ਼ੰਸਾ ਮਿਲੀ ਹੈ। ਵਾਣੀ ਕਪੂਰ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਕਿਹਾ, "ਮੰਡਾਲਾ ਮਰਡਰਜ਼' ਵਿੱਚ ਗੋਪੀ ਸਰ ਨਾਲ ਕੰਮ ਕਰਨਾ ਇੱਕ ਮਾਸਟਰ ਕਲਾਸ ਵਾਂਗ ਸੀ। ਜਿਸ ਤਰੀਕੇ ਨਾਲ ਉਹ ਯਥਾਰਥਵਾਦ ਅਤੇ ਮਨੋਵਿਗਿਆਨਕ ਡੂੰਘਾਈ ਨੂੰ ਇਕੱਠੇ ਬੁਣਦੇ ਹਨ, ਉਹ ਹਰ ਦ੍ਰਿਸ਼ ਨੂੰ ਇੱਕ ਬਹੁ-ਪੱਧਰੀ ਅਨੁਭਵ ਬਣਾਉਂਦਾ ਹੈ। ਉਨ੍ਹਾਂ ਨਾਲ ਕੰਮ ਕਰਨਾ ਸਿਰਫ਼ ਪ੍ਰੇਰਨਾਦਾਇਕ ਹੀ ਨਹੀਂ ਸੀ, ਸਗੋਂ ਇੱਕ ਯਾਤਰਾ ਸੀ ਜਿਸ ਨੇ ਇੱਕ ਅਪਰਾਧ ਥ੍ਰਿਲਰ ਦੀ ਪਰਿਭਾਸ਼ਾ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ।"ਉਸ ਨੇ ਅੱਗੇ ਕਿਹਾ, "ਗੋਪੀ ਸਰ ਬਾਰੇ ਸਭ ਤੋਂ ਖ਼ਾਸ ਗੱਲ ਉਨ੍ਹਾਂ ਦੀ ਪ੍ਰਮਾਣਿਕਤਾ ਪ੍ਰਤੀ ਵਚਨਬੱਧਤਾ ਹੈ। ਉਹ ਹਰ ਅਦਾਕਾਰ ਤੋਂ ਉਮੀਦ ਕਰਦੇ ਹਨ ਕਿ ਉਹ ਆਪਣੇ ਕਿਰਦਾਰ ਦੀਆਂ ਅਦਿੱਖ ਪਰਤਾਂ ਦੀ ਪੜਚੋਲ ਕਰੇ। ਇਹ ਪ੍ਰਕਿਰਿਆ ਚੁਣੌਤੀਪੂਰਨ ਹੈ, ਪਰ ਇਸ ਤੋਂ ਵੀ ਵੱਧ ਸੰਤੁਸ਼ਟੀਜਨਕ ਹੈ। ਉਨ੍ਹਾਂ ਨਾਲ ਇਹ ਰਚਨਾਤਮਕ ਯਾਤਰਾ ਮੇਰੇ ਲਈ ਨਿੱਜੀ ਤੌਰ 'ਤੇ ਇੱਕ ਸਨਮਾਨ ਅਤੇ ਬਹੁਤ ਹੀ ਪਰਿਵਰਤਨਸ਼ੀਲ ਰਹੀ ਹੈ।" 'ਮੰਡਾਲਾ ਮਰਡਰਸ' ਨੈੱਟਫਲਿਕਸ ਅਤੇ ਯਸ਼ ਰਾਜ ਫਿਲਮਜ਼ ਦੀ ਸਾਂਝੀ ਭਾਈਵਾਲੀ ਦਾ ਦੂਜਾ ਪ੍ਰਾਜੈਕਟ ਹੈ, ਜਿਸਦੀ ਸ਼ੁਰੂਆਤ 2023 ਵਿੱਚ ਹਿੱਟ ਸੀਰੀਜ਼ 'ਦਿ ਰੇਲਵੇ ਮੈਨ' ਨਾਲ ਹੋਈ ਸੀ। ਇਸ ਸੀਰੀਜ਼ ਵਿੱਚ ਵਾਣੀ ਕਪੂਰ ਦੇ ਨਾਲ ਵੈਭਵ ਰਾਜ ਗੁਪਤਾ, ਸੁਰਵੀਨ ਚਾਵਲਾ ਅਤੇ ਸ਼੍ਰੀਆ ਪਿਲਗਾਂਵਕਰ ਵਰਗੇ ਦਮਦਾਰ ਕਲਾਕਾਰ ਵੀ ਰਹੱਸਮਈ ਕਿਰਦਾਰਾਂ ਵਿੱਚ ਨਜ਼ਰ ਆਉਣਗੇ।ਅਦਾਕਾਰਾ ਅਨੁਪਮਾ ਸੋਲੰਕੀ, ਜਿਸਨੇ 'ਯੇ ਹੈ ਮੁਹੱਬਤੇਂ', 'ਨਾਥ-ਕ੍ਰਿਸ਼ਨਾ ਔਰ ਗੌਰੀ ਕੀ ਕਹਾਨੀ', 'ਕੁਛ ਰੀਤ ਜਗਤ ਕੀ ਐਸੀ ਹੈ' ਅਤੇ 'ਜਮੁਨੀਆਂ' ਵਰਗੇ ਸ਼ੋਅ ਵਿੱਚ ਕੰਮ ਕੀਤਾ ਹੈ। ਮੌਜੂਦਾ ਸਮੇਂ ਉਹ 'ਜਾਗ੍ਰਿਤੀ- ਏਕ ਨਈ ਸੁਬ?ਹਾ' ਵਿੱਚ ਦਿਖਾਈ ਦੇ ਰਹੀ ਹੈ। ਉਸ ਨੇ ਅੱਜ ਦੇ ਤੇਜ਼ੀ ਨਾਲ ਬਦਲਦੇ ਮਨੋਰੰਜਨ ਉਦਯੋਗ ਵਿੱਚ ਅਦਾਕਾਰਾਂ 'ਤੇ ਪੈ ਰਹੇ ਦਬਾਅ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਹ ਦੱਸਦੀ ਹੈ ਕਿ ਸੁੰਦਰਤਾ, ਪ੍ਰਤਿਭਾ ਅਤੇ ਦਿੱਖ ਕਿਵੇਂ ਆਪਸ ਵਿੱਚ ਜੁੜੇ ਹੋਏ ਹਨ ਅਤੇ ਇਹ ਹਮੇਸ਼ਾਂ ਨਿਰਪੱਖ ਨਹੀਂ ਹੁੰਦਾ।

ਪ੍ਰਸੰਗਿਕ ਰਹਿਣ ਬਾਰੇ ਗੱਲ ਕਰਦਿਆਂ, ਅਨੁਪਮਾ ਕਹਿੰਦੀ ਹੈ, "ਇਮਾਨਦਾਰੀ ਨਾਲ ਕਹਾਂ ਤਾਂ ਪ੍ਰਸੰਗਿਕ ਰਹਿਣਾ ਬਹੁਤ ਮੁਸ਼ਕਲ ਹੈ।ਅਦਾਕਾਰ ਹੋਣ ਦੇ ਨਾਤੇ, ਅਸੀਂ ਹਮੇਸ਼ਾਂ ਆਪਣੇ ਆਪ 'ਤੇ ਕੰਮ ਕਰਦੇ ਰਹਿੰਦੇ ਹਾਂ। ਹਰ ਰੋਜ਼ ਇੱਕ ਨਵਾਂ ਚਿਹਰਾ ਇੰਡਸਟਰੀ ਵਿੱਚ ਆਉਂਦਾ ਹੈ ਅਤੇ ਇਹ ਮੁਕਾਬਲਾ ਕਦੇ ਖ਼ਤਮ ਨਹੀਂ ਹੁੰਦਾ। ਸਭ ਤੋਂ ਵੱਡੀ ਚੁਣੌਤੀ ਹੈ, ਹਰ ਪ੍ਰਾਜੈਕਟ ਵਿੱਚ ਆਪਣੇ ਆਪ ਨੂੰ ਨਵੇਂ ਵਜੋਂ ਪੇਸ਼ ਕਰਨਾ, ਸਿੱਖਦੇ ਰਹਿਣਾ ਅਤੇ ਵਧਦੇ ਰਹਿਣਾ।" ਉਹ ਇਹ ਵੀ ਮੰਨਦੀ ਹੈ ਕਿ ਕੰਮ, ਤੰਦਰੁਸਤੀ, ਦਿੱਖ ਅਤੇ ਸੋਸ਼ਲ ਮੀਡੀਆ ਦੀ ਮੌਜੂਦਗੀ ਨੂੰ ਸੰਤੁਲਿਤ ਕਰਨਾ ਕਿੰਨਾ ਥਕਾ ਦੇਣ ਵਾਲਾ ਹੋ ਸਕਦਾ ਹੈ। "ਚੰਗਾ ਦਿਖਣਾ, ਤੰਦਰੁਸਤ ਰਹਿਣਾ, ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣਾ ਅਤੇ ਇੱਕ ਅਦਾਕਾਰ ਦੇ ਤੌਰ 'ਤੇ ਆਪਣਾ ਸਭ ਤੋਂ ਵਧੀਆ ਦੇਣਾ, ਇਹ ਸਭ ਇੱਕੋ ਸਮੇਂ ਕਰਨਾ ਬਹੁਤ ਦਬਾਅ ਵਾਲਾ ਹੈ, ਪਰ ਮੇਰਾ ਮੰਨਣਾ ਹੈ ਕਿ ਜੇਕਰ ਤੁਸੀਂ ਆਪਣੇ ਕੰਮ ਪ੍ਰਤੀ ਇਮਾਨਦਾਰ ਹੋ, ਤਾਂ ਸਹੀ ਮੌਕੇ ਜ਼ਰੂਰ ਤੁਹਾਡੇ ਰਾਹ ਵਿੱਚ ਆਉਣਗੇ।"

ਸੁੰਦਰਤਾ ਦੇ ਮਿਆਰ ਹਮੇਸ਼ਾ ਇੰਡਸਟਰੀ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਅਨੁਪਮਾ ਇਸ ਨੂੰ ਸਵੀਕਾਰ ਕਰਦੀ ਹੋਈ ਕਹਿੰਦੀ ਹੈ, "ਹਾਂ, ਸੁੰਦਰਤਾ ਹਮੇਸ਼ਾਂ ਇੱਕ ਸਖ਼ਤ ਫਿਲਟਰ ਰਹੀ ਹੈ, ਖ਼ਾਸ ਕਰਕੇ ਅਭਿਨੇਤਰੀਆਂ ਲਈ। ਗੋਰੀ ਚਮੜੀ, ਇੱਕ ਖ਼ਾਸ ਸਰੀਰ ਦਾ ਪ੍ਰਕਾਰ ਜਾਂ ਉਮਰ ਸੀਮਾ- ਇਹ ਸਭ ਨਿਯਮ ਬਣਾਏ ਗਏ ਹਨ। ਜਦੋਂ ਪ੍ਰਤਿਭਾਸ਼ਾਲੀ ਕੁੜੀਆਂ ਨੂੰ ਸਿਰਫ਼ ਉਨ੍ਹਾਂ ਦੀ ਦਿੱਖ ਕਾਰਨ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਇਹ ਬਹੁਤ ਦੁਖਦਾਈ ਹੁੰਦਾ ਹੈ।" ਉਹ ਉਮੀਦ ਨਾਲ ਕਹਿੰਦੀ ਹੈ, "ਹੌਲੀ-ਹੌਲੀ ਚੀਜ਼ਾਂ ਬਦਲ ਰਹੀਆਂ ਹਨ। ਹੁਣ ਲੋਕਾਂ ਨੇ ਵੱਖ-ਵੱਖ ਕਿਸਮਾਂ ਦੀ ਸੁੰਦਰਤਾ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਮੇਰਾ ਮੰਨਣਾ ਹੈ ਕਿ ਸੁੰਦਰਤਾ ਇੱਕ ਨਿੱਜੀ ਅਨੁਭਵ ਹੈ। ਸੁੰਦਰ ਦਿਖਣ ਲਈ ਹਰ ਰੁਝਾਨ ਦੀ ਪਾਲਣਾ ਕਰਨਾ ਜ਼ਰੂਰੀ ਨਹੀਂ ਹੈ।"

